
FARM AND SPICE
Open 7 Days a Week
8.30 am to 9.00 pm
SPECIAL OFFERS: 8-14 SEPT
Daily Specials on
ਗਾਜਰਾਂ
Carrots
Jumbo
99¢ /lb
ਪੱਤਾ ਗੋਬੀ
Cabbage
Green
99¢ /lb
ਗਾਲਾ ਬੀ ਸੀ ਸੇਬ
Gala BC
Apple
$1.49 /lb
ਆਵੋਕਾਡੋ
Avocado
99¢ each
ਪਾਲਕ
Spinach
$1.99 each
ਲੈਟਿਸ ਰੋਮੇਨ
Lettuce Romaine
$1.99 each
ਪੀਅਰਜ਼ ਬਾਰਟਲੈਟ
Pears Bartlett
$1.99 /lb
ਅਦਰਕ
Ginger
$2.99 /lb
ਖਰਬੂਜਾ
Cantaloupe
$2.99 each
ਅੰਗੂਰ ਲਾਲ/ਹਰੇ
Grapes
Red/Green
$2.99 /lb
ਸਵਰਨ ਗੁੜ ਸ਼ੱਕਰ
Swarn
Pesi Gur
Shakkar
1kg
$3.99 each
ਅੰਮ੍ਰਿਤ ਰੱਸ
Amrit
Gur Rusk
500g
$4.49 each
ਵਿੱਧਿਆ ਪਾਣੀ ਪੂਰੀ
Vidya
Pani Puri
260gms
$5.99 each
ਮੇਰੀ ਚਾਹ
Meri Chai
Tea Bags
216Bags
$6.99 each
ਗੁਲਾਬ ਜਾਮਣ/ਰਸਗੁੱਲੇ
Haldiram
Gulab Jamun/Rasgulla
$4.99 each
ਹੈਲੋ ਜੀ ਚਾਵਲ
Hello JI
Basmati Rice
8lb
$9.99 each
ਹੀਰ ਖੰਡ
Heer Sugar
White
8 lb
$6.99 each
ਹੀਰ ਖੰਡ
Heer Sugar
Brown
8 lb
$7.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਭਾਰਤੀ ਅਰਥਚਾਰੇ ਦੇ ਦੁਨੀਆਂ ਵਿਚ ਤੀਜੇ ਨੰਬਰ ਬਣਨ ਦਾ ਸਿਆਸੀ ਝੂਠ

ਅੱਜ ਕੱਲ੍ਹ ਦੇਸ਼ ਵਿੱਚ ਸਿਆਸੀ ਪਾਰਟੀਆਂ, ਆਰਥਿਕ ਮਾਹਿਰਾਂ ਅਤੇ ਆਮ ਲੋਕਾਂ ਦਰਮਿਆਨ, ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਉਤਪਾਦ ਦੇ ਮਾਮਲੇ ਵਿੱਚ ਦੁਨੀਆਂ ਵਿੱਚ ਚੰਗੀ ਹੋ ਰਹੀ ਦਰਜਾਬੰਦੀ ਦੀ ਗੱਲ ਚੱਲ ਰਹੀ ਹੈ।ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੀ ਪਾਰਟੀ ਅਤੇ ਆਪਣੇ ਲਈ ਲੋਕਾਂ ਤੋਂ ਤੀਜੀ ਵਾਰ ਜਿਤਾਉਣ ਲਈ ਵਾਅਦਾ ਕੀਤਾ ਹੈ ਕਿ ਜਲਦ ਹੀ ਦੇਸ਼ ਨੂੰ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦਿੱਤਾ ਜਾਵੇਗਾ। ਪਿਛਲੇ ਸਮੇਂ ਵਿੱਚ ਅਮਰੀਕਾ ਫੇਰੀ ਦੌਰਾਨ ਵੀ ਪ੍ਰਧਾਨ ਮੰਤਰੀ ਨੇ ਇਸ ਮਾਮਲੇ ਦਾ ਜ਼ਿਕਰ ਕੀਤਾ ਸੀ। ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆਂ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਬਣ ਜਾਵੇਗਾ। ਪਹਿਲਾਂ ਭਾਰਤ ਇਸ ਦਰਜਾਬੰਦੀ ਵਿੱਚ 7ਵੇਂ ਸਥਾਨ 'ਤੇ ਸੀ ਪਰ ਅੱਜ ਕੱਲ੍ਹ ਅਮਰੀਕਾ, ਚੀਨ, ਜਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ 'ਤੇ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇੱਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਕ, ਭਾਵ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ, ਭਾਰਤ ਅੱਜ ਹੀ, ਭਾਵ 2023 ਵਿੱਚ, ਚੀਨ ਅਤੇ ਅਮਰੀਕਾ ਤੋਂ ਬਾਅਦ ਦੁਨੀਆਂ ਦੀ ਤੀਜੀ ਵੱਡੀ ਅਰਥਵਿਵਸਥਾ ਬਣ ਜਾਵੇਗਾ। ਇਸ ਹਿਸਾਬ ਨਾਲ ਚੀਨ ਦਾ ਕੁੱਲ ਘਰੇਲੂ ਪੈਦਾਵਾਰ 33.01 ਟ੍ਰਿਲੀਅਨ ਡਾਲਰ, ਅਮਰੀਕਾ ਦਾ 26.85 ਟ੍ਰਿਲੀਅਨ ਡਾਲਰ ਅਤੇ ਭਾਰਤ ਦਾ 13.03 ਟ੍ਰਿਲੀਅਨ ਡਾਲਰ ਹੋਵੇਗਾ। ਅੱਜ ਕੱਲ੍ਹ ਚੱਲ ਰਹੀ ਮੁਦਰਾ ਵਟਾਂਦਰਾ ਦਰ ਮੁਤਾਬਕ 1 ਅਮਰੀਕੀ ਡਾਲਰ ਭਾਰਤ ਦੇ 80 ਤੋਂ ਵੱਧ ਰੁਪਇਆ ਦੇ ਬਰਾਬਰ ਹੈ ਪਰ ਜਦੋਂ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ ਵੇਖਦੇ ਹਾਂ ਤਾਂ ਅਸਲੀਅਤ ਦਾ ਪਤਾ ਲੱਗਦਾ ਹੈ। ਉਦਾਹਰਣ ਦੇ ਤੌਰ 'ਤੇ ਵੇਖੀਏ ਤਾਂ ਇਸ ਹਿਸਾਬ ਨਾਲ ਜੇਕਰ ਅਮਰੀਕਾ ਵਿੱਚ 25 ਕਿਲੋਮੀਟਰ ਸਫ਼ਰ ਕਰਨ 'ਤੇ 1 ਡਾਲਰ ਖ਼ਰਚ ਆਉਂਦਾ ਹੈ ਅਤੇ ਭਾਰਤ ਵਿੱਚ 25 ਕਿਲੋਮੀਟਰ ਸਫ਼ਰ ਕਰਨ 'ਤੇ 25 ਰੁਪਏ ਖਰਚ ਆਉਂਦੇ ਹਨ ਤਾਂ 1 ਅਮਰੀਕੀ ਡਾਲਰ ਭਾਰਤ ਦੇ 25 ਰੁਪਏ ਦੇ ਬਰਾਬਰ ਹੋਵੇਗਾ।ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦਰਜਾਬੰਦੀ ਉੱਚੀ ਹੁੰਦੀ ਸੁਣ ਕੇ ਬਹੁਤ ਫ਼ਖ਼ਰ ਮਹਿਸੂਸ ਹੁੰਦਾ ਹੈ ਅਤੇ ਲਗਦਾ ਹੈ ਦੇਸ਼ ਜਲਦੀ ਹੀ ਵਿਸ਼ਵਗੁਰੂ ਬਣ ਜਾਵੇਗਾ। ਪਰ ਇਸਦੇ ਆਰਥਿਕ ਨਾਲੋਂ ਸਿਆਸੀ ਮਾਅਨੇ ਜ਼ਿਆਦਾ ਹਨ ਕਿਉਂਕਿ ਇਹ ਹਕੂਮਤ ਕਰ ਰਹੀ ਸਿਆਸੀ ਪਾਰਟੀ ਅਤੇ ਮੌਜੂਦਾ ਸਰਕਾਰ ਨੂੰ ਸਿਆਸੀ ਤੌਰ 'ਤੇ ਤਸੱਲੀ ਅਤੇ ਹੌਸਲਾ ਜ਼ਰੂਰ ਪ੍ਰਦਾਨ ਕਰਦਾ ਹੈ। ਭਾਜਪਾ ਨੇ 2024 ਦੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਸਦਾ ਢੰਡੋਰਾ ਹੁਣ ਤੋਂ ਹੀ ਪਿੱਟਣਾ ਸ਼ੁਰੂ ਕਰ ਦਿੱਤਾ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਕੀ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੀ ਸੁਧਰ ਰਹੀ ਦਰਜਾਬੰਦੀ ਦੇ ਨਾਲ ਨਾਲ ਪ੍ਰਤੀ ਵਿਅਕਤੀ ਆਮਦਨ, ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ, ਅਸਮਾਨ ਛੂਹਦੀ ਮਹਿੰਗਾਈ ਅਤੇ ਹੋਰ ਆਰਥਿਕ ਇੰਡੀਕੇਟਰਾਂ ਵਿੱਚ ਵੀ ਸੁਧਾਰ/ਵਾਧਾ ਹੋ ਰਿਹਾ ਹੈ ਜਾਂ ਨਹੀਂ?

ਸਭ ਤੋਂ ਪਹਿਲਾਂ ਗੱਲ ਕਰੀਏ, ਕੀ ਭਾਰਤ ਦੀ ਅਰਥਵਿਵਸਥਾ ਦੀ ਕੁਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਉੱਪਰ ਆ ਰਹੀ ਦਰਜਾਬੰਦੀ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਲਾਭ ਵੀ ਮਿਲ ਰਿਹਾ ਹੈ ਜਾਂ ਨਹੀਂ? ਭਾਵ ਉਹਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਰਿਹਾ ਹੈ ਜਾਂ ਨਹੀਂ? ਆਮ ਤੌਰ 'ਤੇ ਆਰਥਿਕ ਮਾਹਰ ਅਤੇ ਸੰਸਥਾਵਾਂ ਕੁੱਲ ਘਰੇਲੂ ਪੈਦਾਵਾਰ ਦੇ ਪੱਧਰ ਨਾਲੋਂ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਨੂੰ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਜ਼ਿਆਦਾ ਕਾਰਗਰ ਸੂਚਕ ਮੰਨਦੇ ਹਨ। ਅੰਤਰਰਾਸ਼ਟਰੀ ਸੰਸਥਾਵਾਂ ਆਮ ਤੌਰ 'ਤੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਪੱਧਰ ਮੁਤਾਬਕ ਦੁਨੀਆਂ ਦੇ ਦੇਸ਼ਾਂ ਨੂੰ ਤਿੰਨ ਭਾਗਾਂ ਵਿੱਚ ਵੰਡਦੀਆਂ ਹਨ। ਪਹਿਲਾਂ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਦੂਜਾ ਮਧਿਅਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਤੀਜਾ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਇਸ ਵੰਡ ਮੁਤਾਬਕ ਭਾਰਤ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਘੱਟ ਹੈ। ਜਦੋਂ 2013-14 ਵਿੱਚ ਭਾਰਤ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਨੌਂਵੇਂ ਸਥਾਨ 'ਤੇ ਸੀ ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆਂ ਵਿੱਚ 147ਵੇਂ ਸਥਾਨ 'ਤੇ ਸੀ ਭਾਵ ਦੇਸ਼ ਕੁਝ ਟਾਪੂ ਨੁਮਾ ਅਤੇ ਘੋਰ ਗਰੀਬ ਦੇਸ਼ਾਂ ਤੋਂ ਹੀ ਉੱਪਰ ਸੀ। ਵਰਨਣਯੋਗ ਹੈ ਕਿ ਭਾਰਤ ਦਾ ਗਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ ਵਿੱਚ ਭਾਰਤ ਤੋਂ ਅੱਗੇ ਹੈ। ਫੇਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਕ 7ਵੇਂ ਸਥਾਨ 'ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ ਵਿੱਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ 'ਤੇ ਹੈ ਪਰ ਪ੍ਰਤੀ ਵਿਅਕਤੀ ਆਮਦਨ ਵਿੱਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ 'ਤੇ ਹੈ। ਸਪਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ ਵਿੱਚ ਦੇਸ਼ ਬਹੁਤ ਪਿੱਛੇ ਹੈ ਅਤੇ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਸਕਿਆ।

ਹੁਣ ਗੱਲ ਕਰਦੇ ਹਾਂ ਭਾਰਤ ਦੇ ਮੁਕਾਬਲੇ ਉਹਨਾਂ ਦੇਸ਼ਾਂ ਦੀ, ਜਿਹਨਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ ਵਿੱਚ ਪਛਾੜਿਆ ਹੈ ਜਾਂ ਭਵਿੱਖ ਵਿੱਚ ਤੀਜੇ ਦਰਜੇ 'ਤੇ ਆ ਕੇ ਪਛਾੜ ਦੇਵੇਗਾ। ਜਿਹਨਾਂ ਦੇਸ਼ਾਂ ਨੂੰ ਪਛਾੜਿਆ ਹੈ ਉਹਨਾਂ ਵਿੱਚ ਮੁੱਖ ਤੌਰ 'ਤੇ ਬ੍ਰਾਜ਼ੀਲ, ਫਰਾਂਸ, ਇਟਲੀ ਅਤੇ ਬਰਤਾਨੀਆ ਸ਼ਾਮਲ ਹਨ, ਜਪਾਨ ਅਤੇ ਜਰਮਨੀ ਨੂੰ 2027 ਤਕ ਪਛਾੜ ਦੇਵੇਗਾ। ਸਾਲ 2013 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਮਹਿਜ਼ 1438 ਅਮਰੀਕੀ ਡਾਲਰ ਸੀ ਜਦੋਂ ਕਿ ਉਸੇ ਸਾਲ ਬਰਤਾਨੀਆ ਦੀ ਪ੍ਰਤੀ ਵਿਅਕਤੀ ਆਮਦਨ 43449 ਡਾਲਰ, ਫਰਾਂਸ 42603 ਡਾਲਰ, ਇਟਲੀ 35560 ਡਾਲਰ ਅਤੇ ਬ੍ਰਾਜ਼ੀਲ 12259, ਭਾਵ ਜਿਹਨਾਂ ਦੇਸ਼ਾਂ ਨੂੰ ਪਿੱਛੇ ਛੱਡਿਆ ਸੀ ਭਾਰਤ ਦਾ ਪ੍ਰਤੀ ਵਿਅਕਤੀ ਆਮਦਨ ਵਿੱਚ ਉਹਨਾਂ ਨਾਲ ਕੋਈ ਮੁਕਾਬਲਾ ਹੀ ਨਹੀਂ ਹੈ ਕਿਉਂਕਿ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਬਹੁਤ ਹੀ ਨੀਵੇਂ ਪੱਧਰ 'ਤੇ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 2013-14 ਵਿੱਚ 1438 ਅਮਰੀਕੀ ਡਾਲਰ ਤੋਂ ਵਧ ਕੇ 2022-23 ਵਿੱਚ 2389 ਡਾਲਰ ਹੀ ਹੋਈ ਹੈ। ਇਹਨਾਂ ਦੇਸ਼ਾਂ ਦੇ ਬਾਕੀ ਆਰਥਿਕ ਸੂਚਕ ਅੰਕ ਜਿਵੇਂ ਕਿ ਰੁਜ਼ਗਾਰ ਦੀ ਦਰ, ਮਨੁੱਖੀ ਵਿਕਾਸ ਸੂਚਕ ਅੰਕ, ਭੁੱਖਮਰੀ ਸੂਚਕ ਅੰਕ, ਵੱਡੇ ਪੱਧਰ ਦੀਆਂ ਆਰਥਿਕ ਅਸਮਾਨਤਾਵਾਂ ਤੇ ਨਾਬਰਾਬਰੀਆਂ ਵੀ ਭਾਰਤ ਨਾਲੋਂ ਕਿਤੇ ਬੇਹਤਰੀਨ ਹਨ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਭਾਰਤ ਉਦੋਂ ਹੀ ਖੁਸ਼ਹਾਲ ਦੇਸ਼ ਬਣ ਸਕਦਾ ਹੈ ਜਦੋਂ ਪ੍ਰਤੀ ਵਿਅਕਤੀ ਆਮਦਨ ਪੱਖੋਂ ਦੁਨੀਆਂ ਵਿੱਚ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ ਵਿੱਚ ਸ਼ਾਮਲ ਹੋ ਜਾਵੇਗਾ ਅਤੇ ਦੇਸ਼ ਵਿੱਚੋਂ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਅਤੇ ਆਰਥਿਕ ਨਾਬਰਾਬਰੀਆਂ ਖ਼ਤਮ ਹੋ ਜਾਣਗੀਆਂ, ਨਾ ਕਿ ਉਦੋਂ ਜਦੋਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਤੀਜੇ ਜਾਂ ਪਹਿਲੇ ਸਥਾਨ 'ਤੇ ਆ ਜਾਵੇਗਾ।ਅਜਿਹਾ ਕਰਨ ਲਈ ਦੇਸ਼ ਵਿੱਚ ਮੌਜੂਦਾ ਕੇਂਦਰੀ ਸਰਕਾਰ ਦੁਆਰਾ ਚਲਾਈਆਂ ਜਾ ਰਹੀ ਆਰਥਿਕ ਨੀਤੀਆਂ, ਜਿਹੜੀਆਂ ਕਿ ਸਰਮਾਏਦਾਰਾਂ, ਪੂੰਜੀਪਤੀਆਂ, ਅਮੀਰਾਂ ਅਤੇ ਕਾਰਪੋਰੇਟਾ ਦਾ ਪੱਖ ਪੂਰ ਰਹੀਆਂ ਹਨ, ਨੂੰ ਆਮ ਲੋਕਾਂ ਦੇ ਹਿਤਾਂ ਵਿੱਚ ਬਦਲਣਾ ਪਵੇਗਾ। ਕੇਂਦਰੀ ਸਰਕਾਰ ਕੇਵਲ ਨੀਤੀਆਂ ਹੀ ਅਮੀਰਾਂ ਲਈ ਨਹੀਂ ਬਣਾ ਰਹੀ, ਸਗੋਂ ਉਹ ਤਾਂ ਨਵੇਂ ਕਾਨੂੰਨ ਅਤੇ ਮੌਜੂਦਾ ਕਾਨੂੰਨਾਂ ਵਿੱਚ ਤਰਮੀਮਾਂ ਵੀ ਕਾਰਪੋਰੇਟਾਂ ਅਤੇ ਪੂੰਜੀਪਤੀਆਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਲਾਭ ਪਹੁੰਚਾਉਣ ਲਈ ਕਰ ਰਹੀ ਹੈ। ਜੇਕਰ ਵਧਦੀ ਕੁੱਲ ਘਰੇਲੂ ਪੈਦਾਵਾਰ ਦਾ ਲਾਭ ਦੇਸ਼ ਦੇ ਆਮ ਲੋਕਾਂ ਤਕ ਨਹੀਂ ਪਹੁੰਚਾਉਣਾ, ਕੇਵਲ ਢੰਡੋਰਾ ਪਿੱਟਣ ਨਾਲ ਸਿਆਸੀ ਲਾਹਾ ਤਾਂ ਖੱਟਿਆ ਜਾ ਸਕਦਾ ਹੈ ਪਰ ਜ਼ਮੀਨੀ ਪੱਧਰ 'ਤੇ ਆਮ ਲੋਕਾਂ ਲਈ ਕੁਝ ਵੀ ਨਹੀਂ ਬਦਲੇਗਾ। ਇਸ ਲਈ ਸਭ ਤੋਂ ਪਹਿਲਾਂ ਆਉਣ ਵਾਲੇ ਸਮੇਂ ਵਿੱਚ ਬਰਾਬਰੀ ਦੀ ਵੰਡ ਦੇ ਆਧਾਰ 'ਤੇ ਉੱਚੀ ਆਰਥਿਕ ਤਰੱਕੀ ਦੀ ਦਰ ਹਾਸਲ ਕਰਨਾ ਪਵੇਗੀ। ਭਾਵ ਆਰਥਿਕ ਤਰੱਕੀ ਨਾਲ ਵਧੀ ਕੁੱਲ ਘਰੇਲੂ ਪੈਦਾਵਾਰ ਕੁਝ ਅਮੀਰਾਂ ਦੇ ਹੱਥਾਂ ਵਿੱਚ ਹੀ ਨਾ ਰਹਿ ਜਾਵੇ, ਸਗੋਂ ਵਧੀ ਹੋਈ ਪੈਦਾਵਾਰ ਦਾ ਬਰਾਬਰ ਲਾਭ ਦੇਸ਼ ਦੇ ਆਮ ਲੋਕਾਂ ਤਕ ਵੀ ਪਹੁੰਚਣਾ ਚਾਹੀਦਾ ਹੈ। ਇਸਦੇ ਨਾਲ ਹੀ ਦੇਸ਼ ਵਿੱਚ ਬਹੁਤ ਵੱਡੇ ਪੱਧਰ 'ਤੇ ਲਾਭਕਾਰੀ ਰੁਜ਼ਗਾਰ ਵੀ ਆਮ ਲੋਕਾਂ ਲਈ ਪੈਦਾ ਕਰਨਾ ਪਵੇਗਾ ਕਿਉਂਕਿ ਭਾਰਤ ਵਿੱਚ ਬਹੁਤ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਦੀਆਂ ਸਹੂਲਤਾਂ ਦੀ ਬਹੁਤ ਘਾਟ ਹੈ ਅਤੇ ਉਹ ਸਮੇਂ ਦੇ ਹਾਣਦੀਆਂ ਨਹੀਂ ਹਨ, ਜਿਸ ਕਾਰਨ ਦੇਸ਼ ਦੇ ਸਿਹਤ ਅਤੇ ਸਿੱਖਿਆ ਨਾਲ ਸਬੰਧਤ ਸੂਚਕ ਅੰਕ ਵੀ ਦੁਨੀਆਂ ਦੇ ਉੱਪਰਲੇ ਦੇਸ਼ਾਂ ਦੇ ਮੁਕਾਬਲੇ ਵਿੱਚ ਬਹੁਤ ਪਿਛੜੇ ਹੋਏ ਹਨ। ਅਜਿਹਾ ਕਰਨ ਲਈ ਦੇਸ਼ ਵਿੱਚ ਸਰਕਾਰ ਨੂੰ ਅਸਲ ਨਿਵੇਸ਼ ਨੂੰ ☞


BADH
Accounting Services
26 Years Experience in Accounting
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC



Jasbir Singh Badh



Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਇਕੱਠਿਆਂ ਚੋਣਾਂ ਕਰਵਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਕ ਸੋਧਾਂ ਦੀ ਲੋੜ ਹੋਵੇਗੀ ਸਾਰੀਆਂ ਸੂਬਾ ਸਰਕਾਰਾਂ ਦੀ ਸਹਿਮਤੀ ਪ੍ਰਾਪਤ ਕਰਨ ਦੀ ਵੀ ਜ਼ਰੂਰਤ ਹੋਵੇਗੀ



ਨਵੀਂ ਦਿੱਲੀ: ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਸਮੇਂ ਕਰਵਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਕ ਸੋਧਾਂ ਅਤੇ ਵੱਡੀ ਗਿਣਤੀ ਵਿਚ ਵਾਧੂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਅਤੇ ਪੇਪਰ ਟਰੇਲ ਮਸ਼ੀਨਾਂ ਦੀ ਲੋੜ ਪਵੇਗੀ, ਜਿਸ ’ਤੇ ਹਜ਼ਾਰਾਂ ਕਰੋੜ ਰੁਪਏ ਖਰਚ ਹੋਣਗੇ।

ਅਧਿਕਾਰੀਆਂ ਨੇ ਸ਼ੁਕਰਵਾਰ ਨੂੰ ਇਹ ਜਾਣਕਾਰੀ ਦਿਤੀ। ਸੰਸਦ ਦੀ ਇਕ ਕਮੇਟੀ ਨੇ ਚੋਣ ਕਮਿਸ਼ਨ ਸਮੇਤ ਵੱਖ-ਵੱਖ ਹਿੱਸੇਦਾਰਾਂ ਨਾਲ ਸਲਾਹ ਕਰ ਕੇ ਇਕੋ ਸਮੇਂ ਚੋਣਾਂ ਕਰਵਾਉਣ ਦੇ ਮੁੱਦੇ ਦੀ ਜਾਂਚ ਕੀਤੀ ਸੀ। ਅਧਿਕਾਰੀਆਂ ਨੇ ਦਸਿਆ ਕਿ ਕਮੇਟੀ ਨੇ ਇਸ ਸਬੰਧੀ ਕੁਝ ਸਿਫ਼ਾਰਸ਼ਾਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਨਾਲੋ-ਨਾਲ ਚੋਣਾਂ ਕਰਵਾਉਣ ਲਈ ‘ਵਿਹਾਰਕ ਰੂਪਰੇਖਾ ਅਤੇ ਢਾਂਚਾ’ ਤਿਆਰ ਕਰਨ ਲਈ ਇਹ ਮਾਮਲਾ ਹੁਣ ਕਾਨੂੰਨ ਕਮਿਸ਼ਨ ਨੂੰ ਭੇਜਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਇੱਕੋ ਸਮੇਂ ਚੋਣਾਂ ਕਰਵਾਉਣ ਨਾਲ ਸਰਕਾਰੀ ਖਜ਼ਾਨੇ ਦੀ ਵੱਡੀ ਬੱਚਤ ਹੋਵੇਗੀ ਅਤੇ ਵਾਰ-ਵਾਰ ਚੋਣਾਂ ਕਰਵਾਉਣ ਲਈ ਪ੍ਰਸ਼ਾਸਨਿਕ ਅਤੇ ਅਮਨ-ਕਾਨੂੰਨ ਦੀ ਮਸ਼ੀਨਰੀ ਦੀ ਦੂਹਰਾਈ ਤੋਂ ਬਚਿਆ ਜਾਵੇਗਾ। ਇਸ ਨਾਲ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਉਨ੍ਹਾਂ ਦੀਆਂ ਚੋਣ ਮੁਹਿੰਮਾਂ ’ਚ ਕਾਫ਼ੀ ਬੱਚਤ ਹੋਵੇਗੀ। ਜ਼ਿਕਰਯੋਗ ਹੈ ਕਿ ਸਰਕਾਰ ਨੇ ‘ਇਕ ਰਾਸ਼ਟਰ, ਇਕ ਚੋਣ’ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ’ਚ ਇਕ ਕਮੇਟੀ ਦਾ ਗਠਨ ਕੀਤਾ ਹੈ। ਇਸ ਨਾਲ ਲੋਕ ਸਭਾ ਚੋਣਾਂ ਦਾ ਸਮਾਂ ਅੱਗੇ ਵਧਣ ਦੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੁੱਲ੍ਹ ਗਏ ਹਨ ਤਾਂ ਜੋ ਕਈ ਸੂਬਿਆਂ ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਨਾਲ-ਨਾਲ ਇਨ੍ਹਾਂ ਨੂੰ ਕਰਵਾਇਆ ਜਾ ਸਕੇ। ਅਧਿਕਾਰੀਆਂ ਨੇ ਕਿਹਾ ਕਿ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ (ਉਪ ਚੋਣਾਂ ਸਮੇਤ) ਦੇ ਨਤੀਜੇ ਵਜੋਂ ਆਦਰਸ਼ ਚੋਣ ਜ਼ਾਬਤਾ ਲੰਮੇ ਸਮੇਂ ਲਈ ਲਾਗੂ ਰਹਿੰਦਾ ਹੈ ਅਤੇ ਇਸ ਦਾ ਵਿਕਾਸ ਅਤੇ ਭਲਾਈ ਪ੍ਰੋਗਰਾਮਾਂ ’ਤੇ ਮਾੜਾ ਅਸਰ ਪੈਂਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਇੱਕੋ ਸਮੇਂ ਚੋਣਾਂ ਕਰਵਾਉਣ ਲਈ ਸੰਵਿਧਾਨ ਦੇ ਘੱਟੋ-ਘੱਟ ਪੰਜ ਧਾਰਾਵਾਂ ’ਚ ਸੋਧ ਦੀ ਲੋੜ ਹੋਵੇਗੀ। ਇਨ੍ਹਾਂ ’ਚ ਸੰਸਦ ਦੇ ਸਦਨਾਂ ਦੀ ਮਿਆਦ ਨਾਲ ਸਬੰਧਤ ਧਾਰਾ 83, ਰਾਸ਼ਟਰਪਤੀ ਵਲੋਂ ਲੋਕ ਸਭਾ ਨੂੰ ਭੰਗ ਕਰਨ ਨਾਲ ਸਬੰਧਤ ਧਾਰਾ 85, ਵਿਧਾਨ ਸਭਾਵਾਂ ਦੀ ਮਿਆਦ ਨਾਲ ਸਬੰਧਤ ਧਾਰਾ 172, ਸੂਬਾ ਵਿਧਾਨ ਸਭਾਵਾਂ ਦੇ ਭੰਗ ਹੋਣ ਨਾਲ ਸਬੰਧਤ ਧਾਰਾ 174 ਅਤੇ ਧਾਰਾ 356 ਜੋ ਸੂਬਿਆਂ ’ਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਨਾਲ ਸਬੰਧਤ ਹੈ। ਇਸ ਦੇ ਨਾਲ ਹੀ ਭਾਰਤ ਦੀ ਸ਼ਾਸਨ ਪ੍ਰਣਾਲੀ ਦੇ ਸੰਘੀ ਢਾਂਚੇ ਨੂੰ ਧਿਆਨ ਵਿਚ ਰਖਦੇ ਹੋਏ ਸਾਰੀਆਂ ਸਿਆਸੀ ਪਾਰਟੀਆਂ ਦੀ ਸਹਿਮਤੀ ਵੀ ਜ਼ਰੂਰੀ ਹੋਵੇਗੀ। ਇਸ ਤੋਂ ਇਲਾਵਾ, ਇਹ ਜ਼ਰੂਰੀ ਹੈ ਕਿ ਸਾਰੀਆਂ ਸੂਬਾ ਸਰਕਾਰਾਂ ਦੀ ਸਹਿਮਤੀ ਪ੍ਰਾਪਤ ਕਰਨ ਦੀ ਵੀ ਜ਼ਰੂਰਤ ਹੋਵੇਗੀ।

ਇਸ ਲਈ ਵਾਧੂ ਗਿਣਤੀ ’ਚ ਈ.ਵੀ.ਐੱਮ. ਅਤੇ ਵੀ.ਵੀ.ਪੀ.ਏ.ਟੀ. (ਪੇਪਰ ਟਰੇਲ ਮਸ਼ੀਨਾਂ) ਦੀ ਵੀ ਲੋੜ ਪਵੇਗੀ, ਜਿਸ ’ਤੇ ‘ਹਜ਼ਾਰਾਂ ਕਰੋੜ’ ਦੀ ਲਾਗਤ ਆਵੇਗੀ। ਇਕ ਮਸ਼ੀਨ ਦੀ ਉਮਰ ਸਿਰਫ 15 ਸਾਲ ਹੈ, ਇਸਦਾ ਮਤਲਬ ਇਹ ਹੋਵੇਗਾ ਕਿ ਇਕ ਮਸ਼ੀਨ ਅਪਣੇ ਜੀਵਨ ਕਾਲ ’ਚ ਲਗਭਗ ਤਿੰਨ ਜਾਂ ਚਾਰ ਵਾਰ ਵਰਤੀ ਜਾਵੇਗੀ। ਉਨ੍ਹਾਂ ਨੂੰ ਹਰ 15 ਸਾਲਾਂ ਬਾਅਦ ਬਦਲਣ ਦੀ ਲੋੜ ਹੋਵੇਗੀ। ਇਸ ਵਿਸ਼ਾਲ ਲੋਕਤੰਤਰੀ ਪ੍ਰਕਿਰਿਆ ਲਈ ਵਾਧੂ ਪੋਲਿੰਗ ਕਰਮਚਾਰੀਆਂ ਅਤੇ ਸੁਰੱਖਿਆ ਬਲਾਂ ਦੀ ਵੀ ਲੋੜ ਪਵੇਗੀ।

ਪਰਸੋਨਲ, ਪਬਲਿਕ ਸ਼ਿਕਾਇਤਾਂ, ਕਾਨੂੰਨ ਅਤੇ ਨਿਆਂ ਬਾਰੇ ਵਿਭਾਗ ਨਾਲ ਸਬੰਧਤ ਸੰਸਦੀ ਸਥਾਈ ਕਮੇਟੀ ਨੇ ਅਪਣੀ 79ਵੀਂ ਰੀਪੋਰਟ ’ਚ ਇਸ ਗੱਲ ਨੂੰ ਉਜਾਗਰ ਕੀਤਾ ਹੈ ਕਿ ਦਖਣੀ ਅਫ਼ਰੀਕਾ ’ਚ ਰਾਸ਼ਟਰੀ ਅਤੇ ਸੂਬਾਈ ਅਸੈਂਬਲੀਆਂ ਦੀਆਂ ਚੋਣਾਂ ਪੰਜ ਸਾਲਾਂ ਲਈ ਅਤੇ ਨਗਰਪਾਲਿਕਾ ਚੋਣਾਂ ਦੋ ਸਾਲਾਂ ਲਈ ਇੱਕੋ ਸਮੇਂ ਹੁੰਦੀਆਂ ਹਨ। ਸਵੀਡਨ ’ਚ, ਪਾਰਲੀਮੈਂਟ (ਰਿਕਸਡੈਗ) ਅਤੇ ਪ੍ਰੋਵਿੰਸ਼ੀਅਲ ਲੈਜਿਸਲੇਚਰ/ਕਾਊਂਟੀ ਕੌਂਸਲ (ਲੈਂਡਸਟਿੰਗ) ਅਤੇ ਲੋਕਲ ਬਾਡੀਜ਼/ਮਿਊਨਿਸਪਲ ਅਸੈਂਬਲੀਆਂ (ਕੋਮੂਨਫੁਲਮੈਕਟਿਗੇ) ਦੀਆਂ ਚੋਣਾਂ ਇਕ ਨਿਸ਼ਚਿਤ ਮਿਤੀ ’ਤੇ ਹੁੰਦੀਆਂ ਹਨ।

---

ਵਧਾਉਣਾ ਪਵੇਗਾ, ਖ਼ਾਸ ਕਰਕੇ ਰੁਜ਼ਗਾਰ ਪੈਦਾ ਕਰਨ ਦੇ ਮੌਕਿਆਂ ਵਿੱਚ, ਸਿਹਤ ਅਤੇ ਸਿੱਖਿਆ ਖੇਤਰ ਵਿੱਚ ਅਤੇ ਖੇਤੀਬਾੜੀ ਖ਼ੇਤਰ ਵਿੱਚ।

ਉਪਰੋਕਤ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਭਾਰਤ ਭਾਵੇਂ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਵਿੱਚ ਪਹਿਲੇ ਸਥਾਨ ’ਤੇ ਵੀ ਆ ਜਾਵੇ ਪਰ ਉਦੋਂ ਤਕ ਇਸਦੇ ਕੋਈ ਮਾਅਨੇ ਨਹੀਂ ਹੋਣਗੇ, ਜਦੋਂ ਤਕ ਦੇਸ਼ ਦੇ ਲੋਕਾਂ ਦੀ ਪ੍ਰਤੀ ਵਿਅਕਤੀ ਆਮਦਨ ਵਿੱਚ ਚੋਖਾ ਵਾਧਾ ਨਹੀਂ ਹੁੰਦਾ ਅਤੇ ਨਾਲ ਹੀ ਮਨੁੱਖੀ ਵਿਕਾਸ ਨੂੰ ਸਮੇਂ ਦੇ ਹਾਣਦਾ ਨਹੀਂ ਬਣਾਇਆ ਜਾਂਦਾ। ਜਦੋਂ ਤਕ ਦੇਸ਼ ਵਿੱਚੋਂ ਭੁੱਖਮਰੀ ਦੇ ਖ਼ਾਤਮੇ, ਗਰੀਬੀ ਦੇ ਖਾਤਮੇ ਅਤੇ ਕੁੱਲ ਘਰੇਲੂ ਪੈਦਾਵਾਰ ਦੀ ਕਾਣੀ ਵੰਡ ਦੇ ਖ਼ਾਤਮੇ ਦੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੁੰਦੀ, ਉਦੋਂ ਤਕ ਦੇਸ਼ ਦੇ ਆਮ ਲੋਕਾਂ ਨੂੰ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਦੇ ਪਹਿਲੇ ਜਾਂ ਤੀਜੇ ਦਰਜੇ ਦਾ ਮੁਲਕ ਬਣਨ ਦਾ ਕੋਈ ਲਾਭ ਨਹੀਂ ਹੋਵੇਗਾ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਜਨਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE Immigration & Settlement Services

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸੱਚ ਤੋਂ ਡਰਦੀ ਮਨੀਪੁਰ ਸਰਕਾਰ

ਮਨੀਪੁਰ ਵਿੱਚ ਦੋ ਫਿਰਕਿਆਂ ਵਿੱਚ ਜਾਰੀ ਹਿੰਸਾ ਨੂੰ ਤਿੰਨ ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ। ਸਾਰਾ ਦੇਸ਼ ਜਾਣਦਾ ਹੈ ਕਿ ਇਸ ਹਿੰਸਾ ਪਿੱਛੇ ਭਾਜਪਾ ਦੀ ਬੀਰੇਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਦਾ ਹੱਥ ਸੀ। ਇਸ ਸੱਚ ਨੂੰ ਜੋ ਵੀ ਉਜਾਗਰ ਕਰਦਾ ਹੈ, ਮਨੀਪੁਰ ਦਾ ਪ੍ਰਸ਼ਾਸਨ ਉਸ ਦੇ ਪਿੱਛੇ ਹੱਥ ਧੋ ਕੇ ਪੈ ਜਾਂਦਾ ਹੈ। ਹੁਣ ਮਨੀਪੁਰ ਸਰਕਾਰ ਨੇ ਚਾਰ ਨਾਮੀ ਪੱਤਰਕਾਰਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ। ਇਹ ਪੱਤਰਕਾਰ ਹਨ ਐਡੀਟਰਜ਼ ਗਿਲਡ ਆਫ਼ ਇੰਡੀਆ ਦੀ ਪ੍ਰਧਾਨ ਸੀਮਾ ਮੁਸਤਫ਼ਾ, ਸੀਮਾ ਗੂਹਾ, ਭਾਰਤ ਭੂਸ਼ਣ ਤੇ ਸੰਜੇ ਕਪੂਰ। ਮੁੱਖ ਮੰਤਰੀ ਬੀਰੇਨ ਸਿੰਘ ਨੇ ਸੋਮਵਾਰ ਨੂੰ ਪ੍ਰੈੱਸ ਕਾਨਫ਼ਰੰਸ ਲਾ ਕੇ ਦੋਸ਼ ਲਾਇਆ ਸੀ ਕਿ ਇਨ੍ਹਾਂ ਪੱਤਰਕਾਰਾਂ ਨੇ ਮਨੀਪੁਰ ਵਿੱਚ ਜਾਤੀ ਹਿੰਸਾ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ।

ਅਸਲ ਗੱਲ ਇਹ ਹੈ ਕਿ ਇਹ ਪੱਤਰਕਾਰ ਐਡੀਟਰਜ਼ ਗਿਲਡ ਦੀ ਉਸ ਟੀਮ ਦਾ ਹਿੱਸਾ ਸਨ, ਜਿਸ ਨੇ 7 ਤੋਂ 10 ਅਗਸਤ ਤੱਕ ਮਨੀਪੁਰ ਦਾ ਦੌਰਾ ਕਰਕੇ ਬੀਤੇ ਸ਼ਨੀਵਾਰ ਨੂੰ ਉਥੋਂ ਦਾ ਸੱਚ ਉਜਾਗਰ ਕੀਤਾ ਸੀ। ਇਸ ਟੀਮ ਨੇ ਆਪਣੀ ਰਿਪੋਰਟ ਵਿੱਚ ਕਿਹਾ ਸੀ ਕਿ ਰਾਜ ਸਰਕਾਰ ਨੂੰ ਜਾਤੀ ਹਿੰਸਾ ਦੌਰਾਨ ਨਿਰਪੱਖ ਹੋ ਕੇ ਹਿੰਸਾ ਰੋਕਣ ਦਾ ਕੰਮ ਕਰਨਾ ਚਾਹੀਦਾ ਸੀ, ਪ੍ਰੰਤੂ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫ਼ਲ ਰਹੀ ਹੈ। ਸਰਕਾਰ ਨੇ ਇੱਕ ਜਾਤੀ ਦਾ ਸਮਰਥਨ ਕਰਕੇ ਹਿੰਸਾ ਨੂੰ ਵਧਾਉਣ ਦਾ ਕੰਮ ਕੀਤਾ ਸੀ। ਰਾਜ ਸਰਕਾਰ ਨੇ ਬਿਨਾਂ ਕਿਸੇ ਸਬੂਤ ਦੇ ਆਦਿਵਾਸੀਆਂ ਦੇ ਕੁਝ ਵਰਗਾਂ ਨੂੰ ਨਜਾਇਜ਼ ਪ੍ਰਵਾਸੀ ਤੇ ਬਦੇਸ਼ੀ ਕਿਹਾ, ਜਦੋਂ ਕਿ 1901 ਤੋਂ 2011 ਤੱਕ ਦੀਆਂ ਜਨਸੰਖਿਆ ਜਨਗਣਨਾ ਦੱਸਦੀਆਂ ਹਨ ਕਿ ਇਨ੍ਹਾਂ ਜਨਜਾਤੀਆਂ ਦੀ ਅਬਾਦੀ ਵਿੱਚ ਕੋਈ ਵੀ ਆਮ ਨਾਲੋਂ ਵੱਖਰਾ ਵਾਧਾ ਨਹੀਂ ਹੋਇਆ।

ਰਿਪੋਰਟ ਵਿੱਚ ਸਥਾਨਕ ਮੀਡੀਆ ਵੱਲੋਂ ਸੁਰੱਖਿਆ ਬਲਾਂ, ਖਾਸਕਰ ਅਸਾਮ ਰਾਈਫਲਜ਼ ਵਿਰੁੱਧ ਮਨਘੜਤ ਖ਼ਬਰਾਂ ਛਾਪਣ ਦੀ ਵੀ ਅਲੋਚਨਾ ਕੀਤੀ ਗਈ ਹੈ। ਰਾਜ ਸਰਕਾਰ ਵਿਰੁੱਧ ਇਹ ਵੀ ਦੋਸ਼ ਲਾਇਆ ਹੈ ਕਿ ਉਸ ਨੇ ਮਨੀਪੁਰ ਪੁਲਸ ਨੂੰ ਅਸਾਮ ਰਾਈਫਲਜ਼ ਵਿਰੁੱਧ ਐੱਫ਼ ਆਈ ਆਰ ਦਰਜ ਕਰਨ ਦੀ ਮਨਜ਼ੂਰੀ ਦੇ ਕੇ ਸੁਰੱਖਿਆ ਬਲਾਂ ਦਾ ਅਪਮਾਨ ਕੀਤਾ ਹੈ।

ਰਿਪੋਰਟ ਵਿੱਚ ਇੰਟਰਨੈੱਟ ਨੂੰ ਬੰਦ ਰੱਖਣ ਬਾਰੇ ਕਿਹਾ ਹੈ ਕਿ ਇਸ ਨੇ ਪੱਤਰਕਾਰਾਂ ਲਈ ਸਹੀ-ਸਹੀ ਤੱਥਾਂ ਤੋਂ ਜਾਣੂੰ ਹੋਣ ਲਈ ਵੱਡੀ ਮੁਸ਼ਕਲ ਪੈਦਾ ਕੀਤੀ, ਜਿਸ ਨਾਲ ਅਫ਼ਵਾਹਾਂ ਫੈਲਣ ਨੂੰ ਬਲ ਮਿਲਿਆ ਸੀ।

ਇਸੇ ਦੌਰਾਨ ਪ੍ਰੈੱਸ ਕਲੱਬ ਆਫ਼ ਇੰਡੀਆ ਨੇ ਐਡੀਟਰਜ਼ ਗਿਲਡ ਦੀ ਪ੍ਰਧਾਨ ਸਮੇਤ 4 ਮੈਂਬਰਾਂ 'ਤੇ ਕੇਸ ਦਰਜ ਕਰਨ ਦੀ ਨਿੰਦਾ ਕੀਤੀ ਹੈ। ਕਲੱਬ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੁਲਸ ਨੇ ਕੇਸ ਦਰਜ ਕਰਨ ਲਈ ਜਿਸ ਧਾਰਾ 66-ਏ ਦੀ ਵਰਤੋਂ ਕੀਤੀ ਹੈ, ਸੁਪਰੀਮ ਕੋਰਟ ਉਸ ਨੂੰ ਪਹਿਲਾਂ ਹੀ ਰੱਦ ਕਰ ਚੁੱਕੀ ਹੈ।

ਸੁਪਰੀਮ ਕੋਰਟ ਨੇ ਕਈ ਮੌਕਿਆਂ ਉੱਤੇ ਨਿਰਦੇਸ਼ ਦਿੱਤੇ ਹਨ ਕਿ ਇਸ ਧਾਰਾ ਹੇਠ ਕਿਸੇ ਉਤੇ ਵੀ ਮੁਕੱਦਮਾ ਨਾ ਚਲਾਇਆ ਜਾਵੇ। ਕਲੱਬ ਨੇ ਕਿਹਾ ਕਿ ਐਡੀਟਰਜ਼ ਗਿਲਡ ਵੱਲੋਂ ਮਨੀਪੁਰ ਦੀ ਜ਼ਮੀਨੀ ਸਚਾਈ ਨੂੰ ਸਾਹਮਣੇ ਲਿਆਉਣ ਲਈ ਆਪਣੀ ਜਾਂਚ ਟੀਮ ਭੇਜ ਕੇ ਸ਼ਲਾਘਾਯੋਗ ਕੰਮ ਕੀਤਾ ਹੈ।

ਸੱਚ ਨੂੰ ਛੁਪਾਉਣ ਲਈ ਮਨੀਪੁਰ ਦੀ ਰਾਜ ਸਰਕਾਰ ਦੀ ਇਹ ਕਾਰਵਾਈ ਮੀਡੀਆ ਨੂੰ ਡਰਾਉਣ-ਧਮਕਾਉਣ ਦੀ ਯੋਜਨਾ ਦਾ ਹਿੱਸਾ ਹੈ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਅਜਿਹੇ ਸਮੇਂ ਜਦੋਂ ਹਿੰਸਾ ਨਾਲ ਸੜ ਰਹੇ ਮਨੀਪੁਰ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ, ਰਾਜ ਸਰਕਾਰ ਦੇ ਅਜਿਹੇ ਕਦਮ ਮਾਮਲੇ ਨੂੰ ਹੋਰ ਵਿਗਾੜਨਗੇ।ਕਲੱਬ ਸਰਕਾਰ ਦੀ ਇਸ ਕਾਰਵਾਈ ਨੂੰ ਸਚਾਈ ਨੂੰ ਦਬਾਉਣ ਲਈ ਜਾਣਬੁੱਝ ਕੇ ਕੀਤੇ ਗਏ ਜਤਨ ਵਜੋਂ ਦੇਖਦੀ ਹੈ।

## ਮਨੀਪੁਰ ਦੇ ਪੰਜ ਘਾਟੀ ਜ਼ਿਲ੍ਹਿਆਂ 'ਚ ਮੁੜ ਕਰਫਿਊ ਲਾਇਆ



ਹਿੰਸਾ ਦੇ ਝੰਬੇ ਸੂਬੇ ਮਨੀਪੁਰ ਦੇ ਸਾਰੇ ਪੰਜ ਘਾਟੀ ਜ਼ਿਲ੍ਹਿਆਂ 'ਚ ਇਹਤਿਹਾਤ ਵਜੋਂ ਮੁੜ ਕਰਫਿਊ ਲਾ ਦਿੱਤਾ ਗਿਆ।ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਮਨੀਪੁਰ ਏਕਤਾ ਤਾਲਮੇਲ ਕਮੇਟੀ (ਸੀਓਸੀਓਐੱਮਆਈ) ਅਤੇ ਉਸ ਦੇ ਮਹਿਲਾ ਵਿੰਗ ਦੇ ਵੱਲੋਂ ਫੌਜ ਦੇ ਬੈਰੀਕੇਡ ਹਟਾਉਣ ਦੇ ਸੱਦੇ ਮੱਦੇਨਜ਼ਰ ਬਿਸ਼ਨੂਪੁਰ, ਕਾਕਚਿੰਗ, ਥੌਬਲ, ਇੰਫਾਲ ਪੱਛਮੀ ਅਤੇ ਇੰਫਾਲ ਪੂਰਬੀ ਵਿੱਚ ਕਰਫਿਊ 'ਚ ਢਿੱਲ ਦੇਣ ਦੇ ਕੁਝ ਘੰਟਿਆਂ ਬਾਅਦ ਇਸ ਨੂੰ ਰੱਦ ਕਰ ਦਿੱਤਾ ਗਿਆ।ਸੀਓਸੀਓਐੱਮਆਈ ਨੇ ਘਾਟੀ ਦੇ ਸਾਰੇ ਜ਼ਿਲ੍ਹਿਆਂ ਦੇ ਸਾਰੇ ਹਿੱਸਿਆਂ ਦੇ ਲੋਕਾਂ ਨੂੰ ਬੁੱਧਵਾਰ ਨੂੰ ਚੂਰਾਚਾਂਦਪੁਰ ਤੋਂ ਕੁਝ ਕਿਲੋਮੀਟਰ ਦੂਰ ਬਿਸ਼ਨੂਪੁਰ ਜ਼ਿਲ੍ਹੇ ਦੇ ਫੌਗਾਕਚਾਓ ਇਖਾਈ 'ਚ ਫੌਜ ਦੇ ਬੈਰੀਕੇਡ ਹਟਾਉਣ ਦੀ ਅਪੀਲ ਕੀਤੀ ਸੀ। ਫਿਲਹਾਲ ਘਾਟੀ ਦੇ ਪੰਜ ਜ਼ਿਲ੍ਹਿਆਂ 'ਚ ਰੋਜ਼ਾਨਾ ਸਵੇਰੇ 5 ਵਜੇ ਤੋਂ ਸ਼ਾਮ 6 ਵਜੇ ਤੱਕ ਢਿੱਲ ਦਿੱਤੀ ਗਈ ਹੈ।


# ਲਰਨਿੰਗ ਲਾਇਸੈਂਸ

A TO Z DRIVING SCHOOL

**ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ**

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

**WE DO:**

*CITIZENSHIP CLASSES

*NATIONAL SAFETY CODE (NSC) CLASSES

# A to Z DRIVING SCHOOL

**Lucky: 604-614-5365**

Unit 15 - 8388 128 St., Surrey



# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*8 ਸਤੰਬਰ ਦਿਨ ਸ਼ੁੱਕਰਵਾਰ ਨਗਰ ਕਾਲੇਕੇ ਦੀਆਂ ਸਮੂਹ ਸੰਗਤਾਂ ਵੱਲੋਂ ਅਖੰਡਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ ਭੋਗ 10 ਸਤੰਬਰ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪਾਏ ਜਾਣਗੇ।

**ਉਪਰੰਤ ਦੀਵਾਨ ਸਜਣਗੇ ਜਿਸ ਵਿਚ ਭਾਈ ਪਿੰਦਰਪਾਲ ਸਿੰਘ ਜੀ ਉਚੇਚੇ ਤੌਰ ਤੇ ਪਹੁੰਚ ਰਹੇ ਜੋ ਸਵੇਰੇ 9.45 ਤੋਂ 10.15 ਵਜੇ ਤੱਕ ਕਥਾ ਕਰਨਗੇ।ਉਪਰੰਤ ਗੁਰੂ ਕੇ ਕੀਰਤਨੀਏ ਹਾਜਰੀ ਭਰਨਗੇ।**

*11 ਸਤੰਬਰ ਦਿਨ ਸੋਮਵਾਰ ਕਮਲਜੀਤ ਸਿੰਘ ਪਰਿਵਾਰ ਵੱਲੋਂ ਮਾਤਾ ਸੁਰਜੀਤ ਕੌਰ ਦੀ ਯਾਦ ਵਿਚ ਸਹਿਜਪਾਠ ਆਰੰਭ ਹੋਣਗੇ ਅਤੇ 16 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ ਭੋਗ ਪਾਏ ਜਾਣਗੇ, ਉਪਰੰਤ ਕੀਰਤਨ ਹੋਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*16 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ ਭਾਈ ਗੁਰਪ੍ਰੀਤ ਸਿੰਘ ਲਾਲੀ ਪਰਿਵਾਰ ਵੱਲੋਂ ਬੱਚੀ ਜਸਮਨ ਕੌਰ ਦੇ 16ਵੇਂ ਜਨਮ ਦਿਨ ਤੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।


*17 ਸਤੰਬਰ ਦਿਨ ਐਤਵਾਰ ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ ਬੀਬੀ ਤੇਜਬੀਰ ਕੌਰ ਪਰਿਵਾਰ ਵੱਲੋਂ ਬੱਚੀ ਦੇ ਵਿਆਹ ਦੀ ਖੁਸ਼ੀ ਵਿਚ ਕਰਵਾਏ ਜਾਣਗੇ।

| ਰਾਗੀ ਜੱਥੇ | ਕਥਾਵਾਚਕ | ਤਬਲਾ ਸਿੱਖਣ ਲਈ ਸੰਪਰਕ ਕਰੋ: |
| --- | --- | --- |
| ਭਾਈ ਜਗਰੂਪ ਸਿੰਘ ਜੀ<br>ਜਵੱਦੀ ਕਲਾਂ ਵਾਲਿਆਂ ਦਾ ਜਥਾ | ਭਾਈ ਜਸਬੀਰ ਸਿੰਘ<br>ਲੁਧਿਆਣਾ ਵਾਲੇ | 604-413-7171 |

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ**

**ਗੁਰਦੁਆਰਾ ਸਾਹਿਬ:604-413-7171**

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121  ਗਿ. ਬਲਦੇਵ ਸਿੰਘ:604-719-2007


## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ

6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ

8-8:30 ਵਜੇ ਤੱਕ: ਕਥਾ ਹੁਕਮਨਾਮਾ

8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ

6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਇੰਡੀਆ ਬਲਾਕ ਦੀ ਮੀਟਿੰਗ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਅਡਾਨੀ-ਹਿੰਡਨਬਰਗ ਮਾਮਲੇ 'ਚ ਜੇਪੀਸੀ ਦੀ ਮੰਗ ਨੂੰ ਦੁਹਰਾਇਆ

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਮੁੰਬਈ ਵਿੱਚ ਬਹੁ-ਪ੍ਰਤੀਤ INDIA Bloc ਦੀ ਮੀਟਿੰਗ ਤੋਂ ਪਹਿਲਾਂ ਬੋਲਦਿਆਂ ਅਡਾਨੀ-ਹਿੰਦਨਬਰਗ ਮਾਮਲੇ ਵਿੱਚ ਆਪਣੀ ਪਾਰਟੀ ਦੀ ਜੇਪੀਸੀ ਦੀ ਮੰਗ ਨੂੰ ਦੁਹਰਾਇਆ। ਗਾਂਧੀ ਨੇ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਚੁੱਪ' 'ਤੇ ਸਵਾਲ ਉਠਾਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਬਾਅਦ ਵਾਲੇ ਨੂੰ ਆਪਣਾ ਨਾਂ ਸਾਫ਼ ਕਰਨਾ ਚਾਹੀਦਾ ਹੈ ਅਤੇ 'ਕੀ ਹੋ ਰਿਹਾ ਸੀ' ਦੱਸਣਾ ਚਾਹੀਦਾ ਹੈ। ਉਨ੍ਹਾਂ ਕਿਹਾ, "ਜਾਂਚ ਕਿਉਂ ਨਹੀਂ ਹੋ ਰਹੀ? ਇਹ ਮਹੱਤਵਪੂਰਨ ਹੈ ਕਿ ਪ੍ਰਧਾਨ ਮੰਤਰੀ ਆਪਣਾ ਨਾਮ ਸਾਫ਼ ਕਰਨ ਅਤੇ ਸਪਸ਼ਟ ਤੌਰ 'ਤੇ ਸਪੱਸ਼ਟ ਕਰਨ ਕਿ ਕੀ ਹੋ ਰਿਹਾ ਹੈ। ਜੇਪੀਸੀ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਅਤੇ ਪੂਰੀ ਜਾਂਚ ਹੋਣੀ ਚਾਹੀਦੀ ਹੈ। ਉਹ ਚੁੱਪ ਕਿਉਂ ਹੈ ਅਤੇ ਜ਼ਿੰਮੇਵਾਰ ਲੋਕਾਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਗਿਆ ਹੈ?'' ਇਹ ਕਹਿੰਦਿਆਂ ਕਿ ਜੀ-20 ਸੰਮੇਲਨ ਤੋਂ ਪਹਿਲਾਂ ਇਹ ਮੁੱਦਾ ਗੰਭੀਰ ਸਵਾਲ ਖੜ੍ਹੇ ਕਰਦਾ ਹੈ ਅਤੇ ਭਾਰਤ ਆਉਣ ਵਾਲੇ ਨੇਤਾ ਪੁੱਛਣਗੇ ਕਿ ਭਾਰਤ ਵਰਗੀ ਆਰਥਿਕਤਾ ਵਿਚ ਇਕ ਸੱਜਣ ਨੂੰ ਮੁਫਤ ਸਵਾਰੀ ਕਿਉਂ ਦਿੱਤੀ ਗਈ, ਰਾਹੁਲ ਨੇ ਕਿਹਾ, "ਇਹ ਜੀ-20 ਨੇਤਾਵਾਂ ਦੇ ਆਉਣ ਤੋਂ ਠੀਕ ਪਹਿਲਾਂ ਪ੍ਰਧਾਨ ਮੰਤਰੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਰਿਹਾ ਹੈ। ਇਥੇ. ਉਹ ਪੁੱਛਣਗੇ ਕਿ ਪ੍ਰਧਾਨ ਮੰਤਰੀ ਦੇ ਕਰੀਬੀ ਸੱਜਣ ਦੀ ਉਹ ਕੰਪਨੀ ਕਿਹੜੀ ਹੈ ਅਤੇ ਉਸ ਨੂੰ ਭਾਰਤ ਵਰਗੀ ਆਰਥਿਕਤਾ ਵਿੱਚ ਮੁਫਤ ਸਵਾਰੀ ਕਿਉਂ ਦਿੱਤੀ ਗਈ। ਇਹ ਮਹੱਤਵਪੂਰਨ ਹੈ ਕਿ ਇਹ ਮਾਮਲਾ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਸਪੱਸ਼ਟ ਹੋ ਜਾਵੇ। 2024 ਦੀਆਂ ਚੋਣਾਂ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦਾ ਮੁਕਾਬਲਾ ਕਰਨ ਲਈ ਬਣਾਈ ਗਈ ਸਮੂਹ ਦੀ ਤੀਜੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਭਾਰਤ ਬਲਾਕ ਦੇ ਆਗੂ ਮੁੰਬਈ ਵਿੱਚ ਹਨ। ਦੋ-ਰੋਜ਼ਾ ਸੰਮੇਲਨ ਇੱਕ ਤਾਲਮੇਲ ਕਮੇਟੀ ਦਾ ਐਲਾਨ ਕਰ ਸਕਦਾ ਹੈ ਅਤੇ ਗਠਜੋੜ ਦੇ ਲੋਗੋ ਦਾ ਵੀ ਉਦਘਾਟਨ ਕੀਤਾ ਜਾ ਸਕਦਾ ਹੈ। 31 ਅਗਸਤ ਅਤੇ 1 ਸਤੰਬਰ ਨੂੰ ਹੋਣ ਵਾਲੇ ਸੰਮੇਲਨ ਵਿੱਚ ਨੇਤਾ ਗਠਜੋੜ ਦੇ ਇੱਕ ਸਾਂਝੇ ਘੱਟੋ-ਘੱਟ ਪ੍ਰੋਗਰਾਮ ਦਾ ਖਰੜਾ ਤਿਆਰ ਕਰਨ, ਦੇਸ਼ ਭਰ ਵਿੱਚ ਅੰਦੋਲਨ ਕਰਨ ਅਤੇ ਸੀਟਾਂ ਦੀ ਵੰਡ ਲਈ ਸਾਂਝੀਆਂ ਯੋਜਨਾਵਾਂ ਬਣਾਉਣ ਲਈ ਕੁਝ ਪੈਨਲਾਂ ਦਾ ਐਲਾਨ ਕਰਦੇ ਹੋਏ ਵੀ ਦੇਖਣਗੇ। ਭਾਰਤ ਬਲਾਕ ਤੋਂ ਵੀ ਸੰਭਾਵਿਤਾਂ ਵਿਚਕਾਰ ਸੁਚਾਰੂ ਤਾਲਮੇਲ ਲਈ ਸਕੱਤਰੇਤ ਦਾ ਐਲਾਨ ਕਰਨ ਦੀ ਉਮੀਦ ਹੈ। ਇਸ ਨੂੰ ਰਾਸ਼ਟਰੀ ਰਾਜਧਾਨੀ 'ਚ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਵਿਰੋਧੀ ਧਿਰ ਦੇ ਧੜੇ ਦੇ ਸੰਭਾਵੀ ਵਿਸਤਾਰ ਦੇ ਸੰਕੇਤ ਦੇਣ ਤੋਂ ਬਾਅਦ ਕੁਝ ਹੋਰ ਪਾਰਟੀਆਂ ਨੂੰ ਸ਼ਾਮਲ ਕਰਨ 'ਤੇ ਵੀ ਚਰਚਾ ਕੀਤੀ ਜਾ ਸਕਦੀ ਹੈ।

(ਮੁੱਖ ਪੰਨੇ ਦੀ ਬਾਕੀ) ਸੰਦਰਭ ਵਿੱਚ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਕਿ ਭਾਰਤੀ ਗਣਰਾਜ ਨੂੰ ਖੁਸ਼ੀ ਅਤੇ ਮਾਣ ਹੈ ਕਿ ਸਾਡੀ ਸਭਿਅਤਾ ਅਮਰ ਯੁੱਗ ਵੱਲ ਦਲੇਰੀ ਨਾਲ ਅੱਗੇ ਵਧ ਰਹੀ ਹੈ। ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਇਸ ਕਦਮ ਨੂੰ ਸੰਵਿਧਾਨ 'ਤੇ ਹਮਲਾ ਕਰਾਰ ਦਿੱਤਾ ਅਤੇ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਮੋਦੀ ਇਤਿਹਾਸ ਨੂੰ ਤੋੜ-ਮਰੋੜ ਕੇ ਭਾਰਤ ਨੂੰ ਵੰਡਣਾ ਜਾਰੀ ਰੱਖ ਸਕਦੇ ਹਨ। ਪਰ ਅਸੀਂ ਨਹੀਂ ਡਰਾਂਗੇ। ਕੇਂਦਰ ਸਰਕਾਰ ਨੇ 18 ਤੋਂ 22 ਸਤੰਬਰ ਤੱਕ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੈ। ਨਿਊਜ਼ ਏਜੰਸੀ ਆਈ.ਏ.ਐੱਨ.ਐੱਸ ਨੇ ਸੂਤਰਾਂ ਦੇ ਹਵਾਲੇ ਤੋਂ ਕਿਹਾ ਹੈ ਕਿ ਸੰਸਦ ਦੇ ਵਿਸ਼ੇਸ਼ ਸੈਸ਼ਨ ਵਿੱਚ ਸਰਕਾਰ 'ਇੰਡੀਆ' ਸ਼ਬਦ ਨੂੰ ਹਟਾਉਣ ਦੇ ਪ੍ਰਸਤਾਵ ਨਾਲ ਸਬੰਧਤ ਬਿੱਲ ਪੇਸ਼ ਕਰ ਸਕਦੀ ਹੈ। ਦੂਜੇ ਪਾਸੇ ਭਾਜਪਾ ਦੇ ਸੰਸਦ ਮੈਂਬਰ ਹਰਨਾਮ ਸਿੰਘ ਨੇ ਕਿਹਾ, "ਪੂਰਾ ਦੇਸ਼ ਮੰਗ ਕਰ ਰਿਹਾ ਹੈ ਕਿ ਸਾਨੂੰ ਇੰਡੀਆ ਦੀ ਬਜਾਏ ਭਾਰਤ ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਹੈ। ਅੰਗਰੇਜ਼ਾਂ ਨੇ ਇੰਡੀਆ ਸ਼ਬਦ ਨੂੰ ਗਾਲ੍ਹੀ ਦੇ ਤੌਰ 'ਤੇ ਇਸਤੇਮਾਲ ਕੀਤਾ ਹੈ, ਜਦੋਂ ਕਿ ਭਾਰਤ ਸ਼ਬਦ ਸਾਡੇ ਸੱਭਿਆਚਾਰ ਦਾ ਪ੍ਰਤੀਕ ਹੈ। ਮੈਂ ਚਾਹੁੰਦਾ ਹਾਂ ਕਿ ਸੰਵਿਧਾਨ ਵਿੱਚ ਬਦਲਾਅ ਕੀਤਾ ਜਾਵੇ ਅਤੇ ਇਸ ਵਿੱਚ ਭਾਰਤ ਸ਼ਬਦ ਜੋੜਿਆ ਜਾਵੇ" ਦੇਸ਼ ਦੇ ਨਾਂ ਦਾ ਜ਼ਿਕਰ ਦੇਸ਼ ਦੇ ਸੰਵਿਧਾਨ ਦੀ ਧਾਰਾ-1 ਵਿੱਚ ਹੈ। ਇਹ ਕਹਿੰਦਾ ਹੈ ਕਿ "ਇੰਡੀਆ, ਭਾਵ ਭਾਰਤ, ਰਾਜਾਂ ਦਾ ਇੱਕ ਸੰਘ ਹੋਵੇਗਾ"। ਸੰਵਿਧਾਨ ਵਿੱਚ ਇਹ ਇੱਕੋ ਇੱਕ ਵਿਵਸਥਾ ਹੈ ਜੋ ਦੱਸਦੀ ਹੈ ਕਿ ਦੇਸ਼ ਨੂੰ ਅਧਿਕਾਰਤ ਤੌਰ 'ਤੇ ਕੀ ਕਿਹਾ ਜਾਵੇਗਾ। ਇਸ ਦੇ ਆਧਾਰ 'ਤੇ ਦੇਸ਼ ਨੂੰ ਹਿੰਦੀ 'ਚ 'ਭਾਰਤ ਗਣਰਾਜ' ਅਤੇ ਅੰਗਰੇਜ਼ੀ 'ਚ 'ਰਿਪਬਲਿਕ ਆਫ਼ ਇੰਡੀਆ' ਲਿਖਿਆ ਗਿਆ ਹੈ। 18 ਸਤੰਬਰ 1949 ਨੂੰ ਸੰਵਿਧਾਨ ਸਭਾ ਦੀ ਮੀਟਿੰਗ ਦੌਰਾਨ ਵਿਧਾਨ ਸਭਾ ਦੇ ਮੈਂਬਰਾਂ ਨੇ ਨਵੇਂ ਬਣੇ ਦੇਸ਼ ਦੇ ਨਾਮਕਰਨ ਬਾਰੇ ਚਰਚਾ ਕੀਤੀ। ਇਸ ਦੌਰਾਨ ਵਿਧਾਨ ਸਭਾ ਦੇ ਮੈਂਬਰਾਂ ਵੱਲੋਂ ਭਾਰਤ, ਹਿੰਦੁਸਤਾਨ, ਹਿੰਦ, ਭਾਰਤਭੂਮਿਕ, ਭਾਰਤਵਰਸ਼ ਆਦਿ ਵੱਖ-ਵੱਖ ਨਾਵਾਂ ਦੇ ਸੁਝਾਅ ਆਏ। ਅੰਤ ਵਿੱਚ ਸੰਵਿਧਾਨ ਸਭਾ ਨੇ ਇੱਕ ਫ਼ੈਸਲਾ ਲਿਆ ਜਿਸ ਵਿੱਚ 'ਆਰਟੀਕਲ-1 ਸਿਰਲੇਖ 'ਸੰਘ ਦਾ ਨਾਮ ਅਤੇ ਪ੍ਰਦੇਸ਼'। ਆਰਟੀਕਲ 1.1 ਵਿੱਚ ਲਿਖਿਆ ਹੈ - ਇੰਡੀਆ, ਯਾਨੀ ਭਾਰਤ, ਰਾਜਾਂ ਦਾ ਸੰਘ ਹੋਵੇਗਾ।













# ਘਰ ਵਾਪਸੀ ਦੀ ਇੱਛਾ ਰਹੀ ਹੈ, ਪਰ ਸਵੈਮਾਨ ਤੇ ਸੰਘਰਸ਼ ਦੇ ਹਿੱਤਾਂ ਨੂੰ ਦਾਅ ਉਤੇ ਲਾ ਕੇ ਵਾਪਿਸ ਨਹੀਂ ਆਣਾ:ਭਾਈ ਗਜਿੰਦਰ ਸਿੰਘ

ਦਲ ਖਾਲਸਾ ਦੇ ਜਲਾਵਤਨੀ ਆਗੂ ਭਾਈ ਗਜਿੰਦਰ ਸਿੰਘ, ਦਲ ਖਾਲਸਾ ਨੇ ਪੰਥ ਦੇ ਨਾਮ ਜਾਰੀ ਕੀਤੇ ਪ੍ਰੈਸ ਨੋਟ ਵਿਚ ਕਿਹਾ ਕਿ ਮੈਂ ਦਲ ਖਾਲਸਾ ਦੇ 45 ਸਾਲਾ ਸਫਰ/ਸੰਘਰਸ਼ ਤੋਂ ਸੰਤੁਸ਼ਟ ਹਾਂ, ਜਿਸ ਨੇ ਸੰਘਰਸ਼ ਦੇ ਕਈ ਵੱਡੇ ਉਤਾਰਾਂ ਚੜ੍ਹਾਵਾਂ ਦੇ ਬਾਵਜੂਦ ਕੇਵਲ ਆਪਣੀ ਹੋਂਦ ਹੀ ਕਾਇਮ ਨਹੀਂ ਰੱਖੀ, ਬਲਕਿ ਲਗਾਤਾਰ ਸੰਘਰਸ਼ ਵੀ ਜਾਰੀ ਰਖਿਆ ਹੈ, ਤੇ ਯਕੀਨਨ ਅੱਗੇ ਵੀ ਵਧਿਆ ਹੈ। ਹਾਂ, ਪਰ ਬਹੁਤ ਸਾਰੀਆਂ ਕਮੀਆਂ ਵੀ ਰਹੀਆਂ ਹਨ, ਤੇ ਬਹੁਤ ਕੁੱਝ ਐਸਾ ਹੈ, ਜੋ ਕਰਨਾ ਬਣਦਾ ਸੀ, ਅਸੀਂ ਨਹੀਂ ਕਰ ਸਕੇ।ਮੈਂ ਜਲਾਵਤਨੀ ਵਿੱਚ ਰਹਿੰਦੇ ਹੋਏ, ਆਪਣੇ ਕੌਮੀ ਘਰ ਦੀ ਖਿੱਚ ਹਮੇਸ਼ਾਂ ਮਹਿਸੂਸ ਕਰਦਾ ਰਿਹਾ ਹਾਂ।



ਤੇ ਘਰ ਵਾਪਸੀ ਦੀ ਇੱਛਾ ਵੀ ਹਮੇਸ਼ਾਂ ਰਹੀ ਹੈ, ਪਰ ਸਵੈਮਾਣ ਤੇ ਸੰਘਰਸ਼ ਦੇ ਹਿੱਤਾਂ ਨੂੰ ਦਾਅ ਉਤੇ ਲਾ ਕੇ ਵਾਪਿਸ ਆਣ ਲਈ ਕਦੇ ਮੰਨ ਨਹੀਂ ਮੰਨਿਆਂ। ਹੋਰ ਖੁੱਲ੍ਹ ਕੇ ਕਹਾਂ, ਤਾਂ ਜਿਸ ਦੁਸ਼ਮਣ ਖਿਲਾਫ ਲੜ੍ਹਦੇ ਹੋਏ ਨਿਕਲਿਆ ਸਾਂ, ਉਸੇ ਦੀ ਹਾਕਮੀਅਤ ਵਿੱਚ ਮੁੜ੍ਹਨਾ ਕਦੇ ਠੀਕ ਨਹੀਂ ਲੱਗਾ।ਮੈਂ 'ਸਟੇਟਲੈਸ ਪਰਸਨ' ਹੀ ਹਾਂ।ਮੇਰਾ ਦੇਸ਼ ਪੰਜਾਬ ਭਾਰਤ ਦੇ ਕਬਜ਼ੇ ਹੇਠ ਹੈ, ਤੇ ਮੈਂ ਰੂਪੋਸ਼ ਜਲਾਵਤਨੀ ਵਿੱਚ ਹਾਂ।

ਇਹ ਠੀਕ ਹੈ ਕਿ ਦਲ ਖਾਲਸਾ, ਲੋਕ ਲਹਿਰ ਨਹੀਂ ਬਣ ਸਕਿਆ, ਪਰ ਉਸ ਨੇ ਸਿੱਖ ਕੌਮ ਦੇ ਆਜ਼ਾਦੀ ਸੰਘਰਸ਼ ਵਿੱਚ ਵੱਡਾ ਤੇ ਅਹਿਮ ਹਿੱਸਾ ਪਾਇਆ ਹੈ। ਇੱਕ ਸਿਧਾਂਤਕ ਜੱਥੇਬੰਦੀ ਦੇ ਤੌਰ ਤੇ ਉਹ ਇੱਕ ਪਾਸੇ ਸੰਘਰਸ਼ ਨੂੰ ਆਲਮੀ ਪੱਧਰ ਤੇ ਲਿਜਾਣ ਦਾ ਕਾਰਨ ਬਣਿਆਂ ਤੇ ਦੂਜੇ ਪਾਸੇ ਪੰਥਕ ਇਕਸੁਰਤਾ ਉਤੇ ਹਮੇਸ਼ਾਂ ਪਹਿਰਾ ਦਿੱਤਾ ਹੈ। ਦਲ ਖਾਲਸਾ ਨੇ 1998 ਤੋਂ ਬਾਦ ਖਾਲਿਸਤਾਨ ਦੀ ਪ੍ਰਾਪਤੀ ਲਈ ਜਿਵੇਂ ਸਿਆਸੀ ਸੰਘਰਸ਼ ਦੀ ਆਰੰਭਤਾ ਕੀਤੀ ਹੈ, ਉਸ ਕੋਲ ਲੋਕ ਲਹਿਰ ਬਣਨ ਦਾ ਸਹੀ ਮੌਕਾ ਹੁਣ ਆਇਆ ਹੈ।ਅਸੀਂ 1978 ਵਿੱਚ ਇੱਕ ਛੋਟੀ ਜਿਹੀ ਗਿਣਤੀ ਪਰ ਜਜ਼ਬਾਤ ਦੀ ਅਮੀਰੀ ਨਾਲ ਸੰਘਰਸ਼ ਸ਼ੁਰੂ ਕੀਤਾ ਸੀ, ਤੇ ਅੱਜ ਹਜ਼ਾਰਾਂ ਲੋਕਾਂ ਦਾ ਦਲ ਖਾਲਸਾ ਨਾਲ ਜੁੜ੍ਹਨਾ ਲੋਕ ਲਹਿਰ ਬਣਨ ਵੱਲ ਇੱਕ ਅੱਛੀ ਸ਼ੁਰੂਆਤ ਹੈ।ਦਲ ਖਾਲਸਾ ਦੀ ਨਵੀਂ ਪੁਰਾਣੀ ਲੀਡਰਸ਼ਿਪ ਦਾ ਏਕੇ ਨਾਲ ਤੇ ਅੱਛੇ ਢੰਗ ਨਾਲ ਅੱਗੇ ਵੱਧਦੇ ਰਹਿਣਾ ਯਕੀਨਨ ਸ਼ਲਾਘਾਯੋਗ ਹੈ।ਨੌਜਵਾਨ ਲੀਡਰਸ਼ਿਪ ਤੋਂ ਮੈਨੂੰ ਬਹੁਤ ਆਸ਼ਾਵਾਂ ਹਨ, ਤੇ ਮੇਰੀਆਂ ਸ਼ੁੱਭ ਇੱਛਾਵਾਂ ਉਹਨਾਂ ਦੇ ਨਾਲ ਹਨ। ਉਨ੍ਹਾਂ ਕਿਹਾ ਸਿੱਖਾਂ ਦਾ ਆਪਣਾ ਮੁਲਕ ਹੋਂਦ ਵਿੱਚ ਆਣ ਦਾ ਵਕਤ ਤਹਿ ਕਰਨਾ ਸੋਚ ਪੱਖੋਂ ਹੀ ਠੀਕ ਨਹੀਂ ਲੱਗਦਾ।ਦੁਨੀਆਂ ਦੇ ਹਾਲਾਤ ਸਾਥ ਦੇ ਜਾਣ ਤਾਂ ਆਜ਼ਾਦੀ ਸੰਘਰਸ਼ ਨੂੰ ਮੇਰੀ ਜ਼ਿੰਦਗੀ ਵਿੱਚ ਵੀ ਸਫਲਤਾ ਮਿੱਲ ਸਕਦੀ ਹੈ, ਤੇ ਜੇ ਹਾਲਾਤ ਸਾਥ ਨਾ ਦੇਣ ਤਾਂ ਕਈ ਪੀੜੀਆਂ ਨੂੰ ਲੜ੍ਹਨਾ ਪੈ ਸਕਦਾ ਹੈ। ਮੇਰੀ ਤਸੱਲੀ ਦੀ ਗੱਲ ਇਹ ਹੈ ਕਿ ਮੈਂ ਸੰਘਰਸ਼ ਨੂੰ ਜ਼ਿੰਦਾ ਅਤੇ ਅੱਗੇ ਵੱਧਦਾ ਛੱਡ ਕੇ ਜਾਵਾਂਗਾ । ਅੱਜ ਦੁਨੀਆਂ ਭਰ ਦੇ ਸਿੱਖ ਖਾਲਿਸਤਾਨ ਸੰਘਰਸ਼ ਨਾਲ ਜੁੜੇ ਹੋਏ ਹਨ।ਅਗਰ ਭਾਰਤੀ ਹਾਕਮ ਕਦੇ ਯੂ ਐਨ ਓ ਦੀ ਨਿਗਰਾਨੀ ਹੇਠ ਸਿੱਖ/ਪੰਜਾਬ ਰੈਫਰੈਂਡਮ ਕਰਵਾਣ ਲਈ ਹਿੰਮਤ ਕਰ ਲੈਣ ਤਾਂ ਉਹਨਾਂ ਦੇ ਸਾਰੇ ਭੁਲੇਖੇ ਦੂਰ ਹੋ ਜਾਣਗੇ।

ਆਲਮੀ ਪੱਧਰ ਤੇ ਭਾਰਤ ਦੀ ਛਾਪ ਕਿੰਨੀ ਵੀ ਵੱਡੀ ਹੋਵੇ, ਪਰ 'ਸੋਵੀਅਤ ਯੂਨੀਅਨ' ਤੋਂ ਵੱਡੀ ਤਾਂ ਨਹੀਂ ਹੈ।ਵਕਤ ਬਦਲਿਆ ਤਾਂ ਸੋਵੀਅਤ ਯੂਨੀਅਨ ਵਰਗੀ ਸੁਪਰ ਪਾਵਰ ਵੀ ਆਜ਼ਾਦੀ ਲਹਿਰਾਂ ਸਾਹਮਣੇ ਝੁੱਕਣ ਲਈ ਮਜਬੂਰ ਹੋ ਗਈ ਸੀ ।

ਉਨ੍ਹਾਂ ਕਿਹਾ ਕਿ ਮੈਂ ਜਲਾਵਤਨੀ ਵਿੱਚ ਰਹਿੰਦੇ ਹੋਏ ਮਹਿਸੂਸ ਕਰਦਾ ਹਾਂ ਕਿ ਅਸੀਂ ਸਮੁੱਚੇ ਸੰਘਰਸ਼ ਦੇ ਸੱਭ ਜ਼ਿੰਮੇਵਾਰ, ਸੰਘਰਸ਼ ਦੇ ਪਹਿਲੇ ਜੁਝਾਰੂ ਦੌਰ ਤੋਂ ਲੈ ਕੇ ਅੱਜ ਤੱਕ ਸੰਘਰਸ਼ ਨੂੰ ਇੱਕ ਕੌਮੀ ਲਹਿਰ ਵਿੱਚ ਤਬਦੀਲ ਨਹੀਂ ਕਰ ਸਕੇ, ਬਲਕਿ ਸੰਪਰਦਾਇਕ ਤੰਗ-ਨਜ਼ਰੀਆਂ ਵਿੱਚ ਉਲਝੇ ਰਹੇ ਅਤੇ ਸਾਡੀਆਂ ਇਹਨਾਂ ਤੰਗ ਨਜ਼ਰੀਆਂ ਨੇ ਭਾਰਤੀ ਖੁਫੀਆ ਏਜੰਸੀਆਂ ਨੂੰ ਸੰਘਰਸ਼ ਦੇ ਖਿਲਾਫ ਖੁੱਲ੍ਹ ਖੇਲਣ ਦਾ ਮੌਕਾ ਦਿੱਤਾ । ਇਸ ਸੱਭ ਦੇ ਬਾਵਜੂਦ ਜੱਦ ਵੀ ਕਦੇ ਕੌਮ ਦੇ ਸਾਹਮਣੇ ਕੌਮੀ ਸਵੈਮਾਣ ਦਾ ਕੋਈ ਮਸਲਾ ਉਠ ਖੜੋਇਆ, ਸਾਰੀ ਕੌਮ, ਖਾਸ ਕਰ ਨੌਜਵਾਨ ਇੱਕ ਸਫ ਵਿੱਚ ਖੜ੍ਹੇ ਨਜ਼ਰ ਆਏ, ਜਿਵੇਂ ਗੁਰੂ ਗੰਥ ਸਾਹਿਬ ਦੀਆਂ ਬੇਅਦਬੀਆਂ ਦੇ ਖਿਲਾਫ ਉਠੇ ਸੰਘਰਸ਼ ਵੇਲੇ ਹੋਇਆ ਸੀ । ਅਜਿਹੇ ਕਿਸੇ ਵੀ ਮੌਕੇ ਗੁਰੂ ਦੀ ਐਸੀ ਕਲਾ ਵਰਤਦੀ ਹੈ ਕਿ ਦੁਸ਼ਮਣ ਦੇ ਸਾਰੇ ਮਨਸੂਬੇ ਫੇਲ ਹੋ ਕੇ ਰਹਿ ਜਾਂਦੇ ਹਨ।ਮੈਂ ਉਮੀਦ ਨੂੰ ਕਾਇਮ ਰੱਖਣ ਦੇ ਹੱਕ ਵਿੱਚ ਹਾਂ, ਹਰ ਹਾਲਾਤ ਵਿੱਚ। ਸੰਘਰਸ਼ ਸਿਰਫ ਜਿੱਤ ਉਤੇ ਹੀ ਮੁਕਣਾ ਚਾਹੀਦਾ ਹੈ।


ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

*Good Paying Loads*



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਅੱਖੀਂ ਵੇਖਿਆ ਗੁਰੂ ਅਮਰਦਾਸ ਅਪਾਹਜ ਆਸ਼ਰਮ



ਸੜਕ ਕਿਨਾਰੇ ਪਏ ਇੱਕ ਬੇਘਰ ਮਰੀਜ਼ ਦੇ ਪੱਟੀ ਕਰਦੇ ਹੋਏ ਡਾ. ਮਾਂਗਟ



ਆਸ਼ਰਮ ਦੀ ਮੌਜੂਦਾ ਬਿਲਡਿੰਗ


'ਤੁਰਿਆ ਚੱਲ ਫਕੀਰਾ ਪਿੱਛਾ ਭਉਂ ਕੇ ਵੇਖੀਂ ਨਾ'......

ਅੱਜ ਇੱਕ ਇਹੋ ਜਿਹੇ ਫ਼ਕੀਰਾਨਾ ਤਬੀਅਤ ਦੇ ਮਾਲਕ ਦੀ ਗੱਲ ਕਰਨ ਲਗੀ ਹਾਂ, ਜੋ ਵੀਹ ਕੁ ਸਾਲ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਸਟੈਟਿਸਟਿਕਸ ਦਾ ਪ੍ਰੋਫ਼ੈਸਰ, ਉਪਰੰਤ ਇੱਕ ਸਾਲ ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਵਿਖੇ ਸਾਇੰਸਦਾਨ ਅਤੇ ਅੱਠ ਕੁ ਸਾਲ ਮੌਰੀਸਨ ਸਾਇੰਟਿਫਿਕ ਕੰਪਨੀ, ਕੈਲਗਰੀ ਵਿੱਚ ਸੀਨੀਅਰ ਸਾਇੰਸਦਾਨ ਵਜੋਂ ਸੇਵਾ ਨਿਭਾਉਣ ਤੋਂ ਬਾਅਦ ਅਚਾਨਕ ੨੦੦੫ ਵਿੱਚ ਸਭ ਕੁੱਝ ਛੱਡ ਛੁਡਾ ਕੇ ਲੁਧਿਆਣਾ ਸ਼ਹਿਰ ਦੀਆਂ ਸੜਕਾਂ ਤੋਂ ਲਵਾਰਿਸ, ਬਿਮਾਰ, ਅਪਾਹਜ ਮਰੀਜ਼ਾਂ ਨੂੰ ਆਪਣੇ ਸਾਈਕਲ ਤੇ ਲੱਦ ਹਸਪਤਾਲ ਪੁਚਾਉਂਦਾ, ਉਨ੍ਹਾਂ ਦੀ ਹੱਥੀ ਸੇਵਾ ਕਰਦਾ ਫ਼ੱਕਰਾਂ ਵਾਲੀ ਜ਼ਿੰਦਗੀ ਜਿਉਣ ਲੱਗ ਪਿਆ। ਲੁਧਿਆਣਾ ਰਹਿੰਦਿਆਂ ਇਨ੍ਹਾਂ ਦੀਆਂ ਇਹ ਕਾਰਜ ਕਰਦਿਆਂ ਦੀਆਂ ਤਸਵੀਰਾਂ ਇੱਕ ਦੋ ਵਾਰ ਅਖ਼ਬਾਰ ਵਿੱਚ ਵੇਖੀਆਂ ਸਨ। ਮਨ ਹੀ ਮਨ ਇਸ ਨੇਕ ਕੰਮ ਤੇ ਕੰਮ ਕਰਨ ਵਾਲੇ ਦੀ ਸ਼ਲਾਘਾ ਕੀਤੀ, ਪਰ ਨਾ ਕਦੇ ਉਨ੍ਹਾਂ ਨੂੰ ਮਿਲਣ ਬਾਰੇ ਸੋਚਿਆ ਅਤੇ ਨਾ ਹੀ ਕਦੇ ਉੱਥੇ ਮਿਲਣ ਦਾ ਸਬੱਬ ਬਣਿਆ। ਅਸੀਂ ੨੦੦੯ ਵਿੱਚ ਪੱਕੇ ਤੌਰ ਤੇ ਕੈਲਗਰੀ ਆ ਵੱਸੇ। ਕਦੇ ਖ਼ਾਬੋ ਖਿਆਲ ਵਿੱਚ ਵੀ ਨਹੀਂ ਸੀ ਕਿ ਇਸ ਨੇਕ ਸਖ਼ਸ਼ ਨਾਲ ਇੱਥੇ ਮੁਲਾਕਾਤ ਹੋਵੇਗੀ। ਮੁਲਾਕਾਤ ਦਾ ਸਬੱਬ ਬਣਿਆ 'ਰੇਡੀਓ ਸੁਰ ਸੰਗਮ' ਰਾਹੀਂ, ਜਿੱਥੇ ਮੈਂ ਕਰੋਨਾ ਤੋਂ ਬਾਅਦ ੨੦੨੧ ਵਿੱਚ ਰੇਡੀਓ ਪ੍ਰੋਗਰਾਮ ਹੋਸਟ ਕਰਨ ਲਗੀ ਪਈ ਸਾਂ। ਇਨ੍ਹਾਂ ਨਾਲ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸੰਪਰਕ ਕੀਤਾ ਤਾਂ ਇਨ੍ਹਾਂ ਹਾਂ ਕਰ ਦਿੱਤੀ ਅਤੇ ਨਿਯਤ ਸਮੇਂ ਤੋਂ ਪਹਿਲਾਂ ਹੀ ਸਟੂਡਿਓ ਵਿੱਚ ਹਾਜ਼ਰ ਹੋ ਗਏ। ਸਫ਼ੈਦ ਕੁੜਤੇ ਪਜਾਮੇ ਵਿੱਚ ਦੇਵਤਿਆਂ ਵਾਲੀ ਦਿੱਖ ਵਾਲਾ ਇਹ ਵਿਅਕਤੀ ਡਾ: ਨੌਰੰਗ ਸਿੰਘ ਮਾਂਗਟ ਸੀ, ਜਿਨ੍ਹਾਂ ਨੂੰ ਮੈਂ ਤਸਵੀਰਾਂ ਵਿੱਚ ਹੀ ਵੇਖਿਆ ਸੀ। ਗੱਲਬਾਤ ਕਰਦਿਆਂ ਇਨ੍ਹਾਂ ਨੇ ਆਪਣੇ ਨਿਸ਼ਕਾਮ ਸੇਵਾ ਕਾਰਜ ਦੀ ਸਾਂਝ ਪਾਈ ਜੋ ਲੁਧਿਆਣੇ ਦੀਆਂ ਸੜਕਾਂ ਤੋਂ ਖੁੱਲ੍ਹੇ ਅਸਮਾਨ ਹੇਠਾਂ ਸ਼ੁਰੂ ਹੋ ਕੇ ਹੁਣ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਦੇ ਰੂਪ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ-ਸਹੌਲੀ-ਅੱਬੂਵਾਲ, ਤਿੰਨ ਪਿੰਡਾਂ ਦੇ ਵਿਚਕਾਰ ਨਿਆਸਰਿਆਂ ਦਾ ਆਸਰਾ ਬਣ ਗਿਆ ਸੀ। ਉਦੋਂ ਹੀ ਮੈਂ ਪੱਕਾ ਮਨ ਬਣਾ ਲਿਆ ਸੀ ਕਿ ਜਦੋਂ ਹੁਣ ਲੁਧਿਆਣੇ ਗਈ ਤਾਂ ਇਸ ਆਸ਼ਰਮ ਵਿੱਚ ਜ਼ਰੂਰ ਜਾਣਾ ਹੈ। ੧੯੮੯ ਤੋਂ ੧੯੯੭ ਤੱਕ ਮੈਂ ਸਰਾਭਾ ਪਿੰਡ 'ਚ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਤੌਰ ਅੰਗਰੇਜ਼ੀ ਲੈਕਚਰਾਰ ਪੜ੍ਹਾਇਆ ਸੀ ਅਤੇ ਕਰਤਾਰ ਸਿੰਘ ਸਰਾਭਾ ਦਾ ਜਨਮ ਅਸਥਾਨ ਹੋਣ ਕਾਰਨ ਇਸ ਪਿੰਡ ਲਈ ਮੇਰੇ ਅੰਦਰ ਖਾਸ ਸ਼ਰਧਾ ਹੈ।

ਸੋ ਇਸ ਸਾਲ (੨੦੨੩ ਵਿੱਚ) ਜਦੋਂ ਲੁਧਿਆਣੇ ਗਏ ਤਾਂ ਡਾ. ਮਾਂਗਟ ਜੀ ਨਾਲ ਮੈਂ ਵਟਸਐੱਪ 'ਤੇ ਸੰਪਰਕ ਕੀਤਾ ਤਾਂ ਇਨ੍ਹਾਂ ਦੱਸਿਆ ਕਿ ਮੈਂ ਤਾਂ ਪਿਛਲੇ ਹਫਤੇ ਵਾਪਸ ਕੈਲਗਰੀ ਆ ਗਿਆ ਹਾਂ। ਪਰ ਤੁਸੀਂ ਮੀਤ ਪ੍ਰਧਾਨ ਚਰਨ ਸਿੰਘ ਹੁਰਾਂ ਨਾਲ ਰਾਬਤਾ ਕਰ ਲਓ। ਸੋ ਮਈ ਮਹੀਨੇ ਦੇ ਪਹਿਲੇ ਹਫ਼ਤੇ ਜਦੋਂ ਸਾਡੀ ਗੱਡੀ ਸਰਾਭਾ ਪਿੰਡ ਦੇ ਮੋੜ ਤੋਂ ਸਹੌਲੀ ਵਾਲੀ ਸੜਕ 'ਤੇ ਚੜ੍ਹੀ ਤਾਂ ਆਸ਼ਰਮ ਦੀ ਸਫ਼ੈਦ ਰੰਗ ਦੀ ਤਿੰਨ ਮੰਜ਼ਲੀ ਇਮਾਰਤ ਨਜ਼ਰੀ ਪਈ ਜਿਸ ਦੀ ਦਿੱਖ ਕਾਲਜ ਦੀ ਇਮਾਰਤ ਵਰਗੀ ਸੀ। ਗੱਡੀ ਪਾਰਕ ਕਰਕੇ ਦੋਵੇਂ ਪਾਸੇ ਖ਼ੂਬਸੂਰਤ ਫੁੱਲਾਂ ਬੂਟਿਆਂ ਨਾਲ ਭਰੇ ਰਸਤੇ 'ਤੇ ਤੁਰਦਿਆਂ ਸਭ ਤੋਂ ਉੱਪਰਲੀ ਮੰਜ਼ਿਲ ਤੇ ਮੋਟੇ ਅੱਖਰਾਂ ਵਿੱਚ ਲਿਖਿਆ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਪੜ੍ਹ ਯਕੀਨ ਹੋ ਗਿਆ ਕਿ ਅਸੀਂ ਸਹੀ ਜਗ੍ਹਾ ਤੇ ਪਹੁੰਚ ਗਏ ਸਾਂ।

ਸਾਨੂੰ ਆਸ਼ਰਮ ਦਾ ਸਮੁੱਚਾ ਕੰਮ-ਕਾਜ ਸੰਭਾਲਣ ਵਾਲੇ ਮੀਤ ਪ੍ਰਧਾਨ ਸ੍ਰ: ਚਰਨ ਸਿੰਘ ਜੀ ਬਹੁਤ ਆਦਰ ਨਾਲ ਮਿਲੇ। ਉਨ੍ਹਾਂ ਦੇ ਨਾਲ ਰਿਟਾਇਰਡ ਪ੍ਰੋਫੈਸਰ ਡਾ: ਕਮਲ ਗੁਰਮੀਤ ਸਿੰਘ ਵੀ ਬੈਠੇ ਹੋਏ ਸਨ। ਉਨ੍ਹਾਂ ਆਸ਼ਰਮ ਵਿੱਚ ਸੇਵਾ ਨਿਭਾ ਰਹੇ ਸਾਰੇ ਕਰਮਚਾਰੀਆਂ ਨਾਲ ਜਾਣ-ਪਛਾਣ ਕਰਵਾਈ। ਡਾ: ਹਰਸ਼ ਕੁਮਾਰ (ਮੈਡੀਕਲ ਅਫਸਰ), ਰੁਪਿੰਦਰ ਕੌਰ (ਆਫਿਸ ਸੁਪਰਡੈਂਟ), ਗੁਰਪ੍ਰੀਤ ਕੌਰ (ਸੁਪਰਡੈਂਟ ਐਕਾਊਂਟਸ), ਗੁਰਦੀਪ ਕੌਰ (ਸਟਾਫ ਨਰਸ) ਜਮਨਾ ਦੇਵੀ (ਟੇਲਰ) ਸੰਦੀਪ ਕੌਰ (ਫਾਰਮਾਸਿਸਟ) ਨੇ ਆਪਣੇ ਆਪਣੇ ਕੰਮ ਬਾਰੇ ਜਾਣਕਾਰੀ ਦਿੱਤੀ। ਮੈਂ ਪੰਜਾਬੀ ਨੈਸ਼ਨਲ ਟੀ.ਵੀ. ਲਈ ਇਸ ਆਸ਼ਰਮ ਵਿੱਚ ਬਿਤਾਏ ਪਲਾਂ ਦੀ ਵੀਡੀਓ ਬਣਾਉਣ ਲਈ ਸੁਮੀਤ ਨੂੰ ਲੈ ਕੇ ਗਈ ਸੀ। ਉਹ ਨਾਲੋ ਨਾਲ ਸਾਰੀ ਗੱਲਬਾਤ ਦੀ ਵੀਡੀਓ ਬਣਾਈ ਜਾ ਰਿਹਾ ਸੀ। ਸਭ ਤੋਂ ਪਹਿਲਾਂ ਉਹ ਸਾਈਕਲ ਵੇਖਿਆ, ਜਿਹਦੇ 'ਤੇ ਸੁਆਰ ਹੋ ਕੇ ਪਹਿਲੇ ਚਾਰ ਸਾਲ (੨੦੦੫ ਤੋਂ ੨੦੦੯ ਤੱਕ) ਲੁਧਿਆਣੇ ਸ਼ਹਿਰ ਦੀਆਂ ਸੜਕਾਂ ਤੇ ਘੁੰਮ ਫਿਰ ਕੇ, ਮਾਂਗਟ ਜੀ ਨੇ ਲਾਵਾਰਸ, ਬੇਸਹਾਰਾ, ਬੇਘਰ, ਅਪਾਹਜ, ਗਰੀਬ, ਬਿਮਾਰ ਲੋਕਾਂ ਦੀ ਸੇਵਾ-ਸੰਭਾਲ ਦਾ ਕਾਰਜ ਲਗਪਗ ਅਠਾਰਾਂ ਸਾਲ ਪਹਿਲਾਂ ਅਰੰਭਿਆ ਸੀ। ਨੱਬੇ ਰੁਪਏ ਦੀ ਖਰੀਦੀ ਹੋਈ ਇੱਕ ਲਾਲਟੈਣ, ਜੋ ਕਿ ਹਨੇਰੇ ਵਿੱਚ ਚਾਨਣ ਕਰਨ ਲਈ ਆਪਣੇ ਸਾਈਕਲ ਨਾਲ ਲਟਕਾ ਕੇ ਰਖਦੇ ਸੀ, ਸੈਂਕੜੇ ਹਨੇਰਾ ਢੋਂਦੇ ਵਿਅਕਤੀਆਂ ਲਈ ਰੋਸ਼ਨੀ ਦਾ ਪ੍ਰਤੀਕ ਬਣੀ ਅੱਜ ਵੀ ਉੱਥੇ ਮੌਜੂਦ ਸੀ। ਨਾਲ ਹੀ ੧੩੦ ਰੁਪਏ 'ਚ ਖਰੀਦਿਆ ਮਿੱਟੀ ਦੇ ਤੇਲ ਵਾਲਾ ਸਟੋਵ ਪਿਆ ਸੀ ਜਿਸ ਉੱਪਰ ਉਸ ਸਮੇਂ ਚਾਹ-ਪਾਣੀ, ਪਸ਼ਾਦਾ ਆਦਿਕ ਤਿਆਰ ਕਰਦੇ ਸੀ। ਡਾ: ਮਾਂਗਟ ਨੇ ੨੩ ਮਾਰਚ ੨੦੦੯ ਨੂੰ ਇਸ ਜਗ੍ਹਾ ਤਰਪਾਲ ਦਾ ਤੰਬੂ ਲਾ ਕੇ ਇਸੇ ਹੀ ਲਾਲਟੈਣ ਤੇ ਸਟੋਵ ਨਾਲ ਆਤਮਾ ਰਾਮ ਤੇ ਨਨਕੀ ਨਾਂ ਦੇ ਦੋ ਮਜ਼ਦੂਰਾਂ ਸੰਗ ਨਿਆਸਰਿਆਂ ਦਾ ਆਸਰਾ ਬਣਾਉਣ ਦਾ ਮੁੱਢ ਬੰਨ੍ਹਿਆ ਸੀ। ਆਤਮਾ ਰਾਮ ਸ਼ੂਗਰ ਦਾ ਮਰੀਜ਼ ਸੀ ਜਿਸ ਨੂੰ ਉਨ੍ਹਾਂ ਲੁਧਿਆਣੇ ਵਾਲੀ (ਉਸ ਵੇਲੇ ਸੁੱਕੀ) ਨਹਿਰ ਵਿਚੋਂ ਚੁੱਕ ਕੇ ਹਸਪਤਾਲ ਇਲਾਜ ਕਰਵਾਇਆ ਸੀ। ਅੱਜ ਗੁਰੂ ਅਮਰ ਦਾਸ ਅਪਾਹਜ਼ ਆਸ਼ਰਮ ਦੇ ਕੋਲ ਢਾਈ ਏਕੜ ਦੇ ਕਰੀਬ ਜ਼ਮੀਨ ਹੈ। ਸਾਰੀ ਜ਼ਮੀਨ-ਜਾਇਦਾਦ ਆਸ਼ਰਮ ਦੇ ਨਾਮ ਹੈ ਜੋ ਕਿ ਇੱਕ ਚੈਰਿਟੇਬਲ ਸੰਸਥਾ ਹੈ। ਆਸ਼ਰਮ ਬਣਨ ਵੇਲੇ ਇਹ ਜਗ੍ਹਾ ਪਿੰਡਾਂ ਤੋਂ ਦੂਰ ਇੱਕ ਸੁੰਨ-ਸਾਨ ਜਗ੍ਹਾ ਸੀ। ਸਹੌਲੀ ਨੂੰ ਜਾਣ ਵਾਲੀ ਇਹ ਸੜਕ ਆਸ਼ਰਮ ਬਣਨ ਵੇਲੇ ਇੱਕ ਸੁੰਨਾ ਜਿਹਾ ਕੱਚਾ ਰਸਤਾ ਸੀ। ਕਦੇ ਕਦਾਈਂ ਹੀ ਕੋਈ ਸਾਇਕਲ ਵਾਲਾ ਇਸ ਕੱਚੇ ਰਸਤੇ ਲੰਘਦਾ ਸੀ। ਹੁਣ ਆਸ਼ਰਮ ਵਿੱਚ ੨੦੦ ਦੇ ਕਰੀਬ ਵਿਅਕਤੀ ਰਹਿੰਦੇ ਹਨ। ਇਨ੍ਹਾਂ ਵਿਚੋਂ ੧੫੦ ਮਰਦ ਅਤੇ ੫੦ ਔਰਤਾਂ ਹਨ । ਔਰਤਾਂ ਤਾਂ ਆਸ਼ਰਮ ਦੀ ਬਣੀ ਹੋਈ ਤਿੰਨ ਮੰਜ਼ਲੀ ਇਮਾਰਤ ਵਿੱਚ ਬਣੇ ਹਾਲ ਕਮਰਿਆਂ ਵਿੱਚ ਰਹਿੰਦੀਆਂ ਹਨ। ਉਨ੍ਹਾਂ ਲਈ ਬੜੇ ਸਾਫ਼-ਸੁਥਰੇ ਮੰਜੇ ਬਿਸਤਰੇ ਲਗੇ ਹਨ। ਮਰਦਾਂ ਦਾ ਨਿਵਾਸ ਅਸਥਾਨ ਅਜੇ ਸ਼ੈਡਾਂ ਵਿੱਚ ਹੈ। ੫੦ ਸਾਲ ਦੀ ਉਮਰ ਤੋਂ ਵੱਧ ਵਾਲੇ ਮਰਦਾਂ ਲਈ ਸੀਨੀਅਰ ਸਿਟੀਜ਼ਨ ਦਾ ਵੱਡਾ ਹਾਲ ਹੈ । ਬਾਕੀ ਮਰੀਜ਼ਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਵੱਖ ਵੱਖ ਸ਼ੈਡਾਂ ਵਿੱਚ ਰੱਖਿਆ ਜਾਂਦਾ ਹੈ। ਡੇਢ ਸੌ ਦੇ ਕਰੀਬ ਮਰੀਜ਼ ਰੋਜ਼ਾਨਾ ਦਵਾਈ 'ਤੇ ਨਿਰਭਰ ਕਰਦੇ ਹਨ।ਦਿਨ ਵੇਲੇ ਲਗਪਗ ਸਾਰੇ ਮਰਦ ਔਰਤਾਂ ਆਪੋ ਆਪਣੇ ਕਮਰਿਆਂ ਵਿਚੋਂ ਬਾਹਰ ਨਿਕਲ ਕੇ ਸਾਂਝੀ ਥਾਂ ਤੇ ਬੈਠ ਜਾਂਦੇ ਹਨ ਅਤੇ ਹਮ- ਉਮਰਾਂ ਨਾਲ ਸਮਾਂ ਬਿਤਾਉਂਦੇ ਤਾਜ਼ੀ ਹਵਾ ਅਤੇ ਖੁੱਲ੍ਹ-ਡੁੱਲ੍ਹ ਦਾ ਆਨੰਦ ਮਾਣਦੇ ਹਨ। ਬਹੁਤ ਹੀ ਸਾਫ਼-ਸੁਥਰੀ ਰਸੋਈ ਵਿੱਚ ੨੫੦ ਦੇ ਕਰੀਬ ਵਿਅਕਤੀਆਂ ਦਾ ਪ੍ਰਸ਼ਾਦਾ ਤਿਆਰ ਹੁੰਦਾ ਹੈ ਅਤੇ ਮਰਦ-ਔਰਤਾਂ ਵੱਡੇ ਲੰਗਰ ਹਾਲ ਵਿੱਚ ਜ਼ਮੀਨ ਤੇ ਬੈਠ ਕੇ ਜਾਂ ਪਾਸੇ ਲਗੇ ਬੈਂਚਾ ਤੇ ਬੈਠ ਕੇ ਪ੍ਰਸ਼ਾਦਾ ਖਾਂਦੇ ਹਨ। ਆਸ਼ਰਮ 'ਚ ਰਹਿਣ ਵਾਲੇ ਮਰਦ ਔਰਤਾਂ ਨਾਲ ਵੀ ਗੱਲਾਂ ਕੀਤੀਆਂ। ਸਭ ਦੀਆਂ ਦੁੱਖ ਭਰੀਆਂ ਕਹਾਣੀਆਂ ਧੁਰ ਅੰਦਰ ਕਾਂਬਾ ਛੇੜ ਰਹੀਆਂ ਸਨ। ਮਾਲਤੀ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਮੈਨੂੰ ਅਧਰੰਗ ਹੋਗਿਆ ਸੀ ਜਿਸ ਕਰਕੇ ਮੇਰਾ ਪਤੀ, ਜੋ ਕਿ ਰਿਕਸ਼ਾ ਚਲਾਉਂਦਾ ਸੀ, ਮੈਨੂੰ ਝਾੜੀਆਂ ਵਿੱਚ ਸੁੱਟ ਗਿਆ ਸੀ। ਦਿਮਾਗੀ ਸੰਤੁਲਨ ਗੁਆ ਚੁੱਕੀ ਨੀਲਮ ਨਾਂ ਦੀ ਔਰਤ ਲੁਧਿਆਣਾ ਸ਼ਹਿਰ ਦੇ ਭਾਈ ਰਣਧੀਰ ਸਿੰਘ ਨਗਰ 'ਚ ਰਾਤ ਨੂੰ ਫੁੱਟ-ਪਾਥ 'ਤੇ ਪਈ ਸੀ ਜਿਸ ਨੂੰ ਕੋਈ ਭਲਾ ਪੁਰਸ਼ ਪੁਲਿਸ ਮਦਦ ਨਾਲ ਆਸ਼ਰਮ 'ਚ ਲੈ ਆਇਆ ਸੀ। ਇੱਕ ਦਿਮਾਗੀ ਸੰਤੁਲਨ ਗੁਆ ਚੁੱਕੀ ਔਰਤ ਜੋ ਕਿ ਬੋਲਦੀ ਨਹੀਂ ਸੀ ਪਤਾ ਲੱਗਿਆ ਕਿ ਰਾਤ ਦੇ ਹਨ੍ਹੇਰੇ 'ਚ ਇਸ ਨੂੰ ਕੋਈ ਪੱਖੋਵਾਲ ਪਿੰਡ ਦੇ ਨਜ਼ਦੀਕ ਖੇਤਾਂ 'ਚ ਸੁੱਟ ਗਿਆ ਸੀ। ਕਿਸੇ ਦੀ ਬਾਂਹ ਕੱਟੀ ਹੋਈ ਸੀ, ਕਿਸੇ ਦੀ ਲੱਤ ਮੁੱਢੋਂ ਕੱਟੀ ਹੋਈ ਸੀ। ਮਰਦਾਂ ਵਾਲੇ ਪਾਸੇ ਗਏ ਕੋਈ ਉੱਚੀ-ਉੱਚੀ ਚੀਕਾਂ ਮਾਰ ਰਿਹਾ ਸੀ। ਕੁੱਝ ਮਰੀਜ਼ ਬੋਲ ਹੀ ਨਹੀਂ ਸਕਦੇ ਸਨ। ਦਿਮਾਗੀ ਸੰਤੁਲਨ ਗੁਆ ਚੁੱਕੇ ਕਈਆਂ ਨੂੰ ਆਪਣੀ ਸੁੱਧ-ਬੁੱਧ ਹੀ ਨਹੀਂ ਸੀ ਅਤੇ ਕੋਈ ਇਤਨਾ ਖਤਰਨਾਕ ਕਿ ਉਸ ਨੂੰ ਬੰਨ੍ਹ ਕੇ ਰਖਣਾ ਪੈਂਦਾ ਸੀ। ਇੱਕ ਸ਼ੈੱਡ ਵਿੱਚ ਚਾਰ ਕੁ ਬੱਚੇ ਮੰਜਿਆਂ ਤੇ ਪਏ ਸਨ, ਜਿਨ੍ਹਾਂ ਦੀ ਸੰਭਾਲ ਕਰਨ ਵਾਲੇ ਸੇਵਾਦਾਰ ਨੇ ਦੱਸਿਆ ਕਿ ਇਹ ਬੱਚੇ ਨਹੀਂ ਸਗੋਂ ੨੦-੨੨ ਸਾਲ ਤੋਂ ਜ਼ਿਆਦਾ ਉਮਰ ਦੇ ਹਨ। ਇਨ੍ਹਾਂ ਦਾ ਵਿਕਾਸ ਨਹੀਂ ਹੋਇਆ ਹੈ। ਨਾ ਹੀ ਇਹ ਆਪਣੇ ਆਪ ਖਾ-ਪੀ ਸਕਦੇ ਹਨ ਜਾਂ ਉੱਠ ਬੈਠ ਸਕਦੇ ਹਨ। ਇੱਥੇ ਆ ਕੇ ਵੇਖੋ ਤਾਂ ਰੱਬ ਦੀ ਆਖੀ ਜਾਣ ਵਾਲੀ ਇਸ ਦੁਨੀਆਂ ਦਾ ਹਨ੍ਹੇਰਾ ਪੱਖ ਨਜ਼ਰੀਂ ਪੈਂਦਾ ਹੈ। ਪਰ ਆਫ਼ਰੀਨ ਹਨ! ਇੱਥੇ ਨੌਕਰੀ ਕਰ ਰਹੇ ਮੁਲਾਜ਼ਮ, ਡਾਕਟਰ, ਨਰਸਾਂ, ਫਿਜ਼ੀਓਥੈਰੇਪਿਸਟ ਅਤੇ ਸੇਵਾਦਾਰ ਜਿਨ੍ਹਾਂ ਦੇ ਮੱਥੇ ਤੇ ਸ਼ਿਕਨ ਵੀ ਵੇਖੀ ਹੋਵੇ। ਸਗੋਂ ਉਹ ਕਹਿੰਦੇ ਹਨ ਕਿ ਸਾਨੂੰ ਇੱਥੇ ਕੰਮ ਕਰਕੇ ਸਕੂਨ ਮਿਲਦਾ ਹੈ।'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹਿ ਬੈਸਣੁ ਪਾਈਐ॥' ਗੁਰਵਾਕ ਅਜਿਹੇ ਲੋਕਾਂ ਤੇ ਹੀ ਪੂਰਾ ਉਤਰਦਾ ਹੈ। ਇੱਕ ਵੀਲ ਚੇਅਰ ਤੇ ਬੈਠਾ ਦਿਮਾਗੀ ਸੰਤੁਲਨ ਗੁਆ ਚੁੱਕਾ 'ਗੁਲਾਬ' ਨਾਂ ਦਾ ਮਰੀਜ਼ ਸੀ ਜਿਸ ਨੂੰ ਡਾ. ਮਾਂਗਟ ਜੀ ੨੦੧੨ 'ਚ ਜ਼ਖਮਾਂ ਨਾਲ ਗਲ਼ੇ ਹੋਏ ਲਗਪਗ ਮੁਰਦਾ ਹਾਲਤ ਵਿੱਚ ਸੜਕ ਕੰਢਿਓਂ ਚੁੱਕ ਕੇ ਲਿਆਏ ਦੱਸੇ ਗਏ। ਹੁਣ ਇਹ ਵੀਲ ਚੇਅਰ ਨੂੰ ਹੱਥਾਂ ਨਾਲ ਰੇੜ੍ਹ ਕੇ ਇੱਧਰ ਉੱਧਰ ਤੁਰ ਫਿਰ ਲੈਂਦਾ ਹੈ। ਜਿਹੜੇ ਆਪਣਾ ਨਾਂ ਨਹੀਂ ਦੱਸ ਸਕਦੇ ਉਨ੍ਹਾਂ ਦੇ ਨਾਮ ਆਸ਼ਰਮ 'ਚ ਆਪੇ ਰੱਖ ਲਏ ਜਾਂਦੇ ਹਨ। ਕਿਸੇ ਦਾ ਨਾਮ ਰੱਬ ਜੀ, ਕਿਸੇ ਦਾ ਮੰਡੀ, ਕਿਸੇ ਦਾ ਗੁਲਾਬ ਤੇ ਕਿਸੇ ਦਾ ਪੱਖੋਵਾਲ ਵਾਲੀ। ਸੋ ਲੰਮੀਆਂ ਕਹਾਣੀਆਂ ਹਨ ਲਗਪਗ ਹਰੇਕ ਬੇਸਹਾਰਾ ਆਖੇ ਜਾਣ ਵਾਲੇ ਇਨ੍ਹਾਂ ਰੱਬ ਦੇ ਬੰਦਿਆਂ ਦੀਆਂ ਜਿਨ੍ਹਾਂ ਨੂੰ ਇਸ ਆਸ਼ਰਮ ਨੇ ਆਪਣੇ ਨਿੱਘੇ ਕਲਾਵੇ ਵਿੱਚ ਲਿਆ ਹੋਇਆ ਹੈ।ਇਮਾਰਤ ਦੀ ਤੀਸਰੀ ਮੰਜ਼ਲ ਉੱਪਰ ਗੁਰਦੁਆਰਾ ਸਾਹਿਬ ਹਨ। ਇੱਥੇ ਰੋਜ਼ਾਨਾ ਨਿਤਨੇਮ ਹੁੰਦਾ ਹੈ। ਸਾਰਾ ਦਿਨ ਗੁਰਬਾਣੀ ਚਲਦੀ ਹੈ ਜੋ ਕਿ ਆਸ਼ਰਮ ਦੇ ਹਰ ਭਾਗ ਵਿੱਚ ਸੁਣਾਈ ਦਿੰਦੀ ਹੈ। ਲੱਖਾਂ ਰੁਪਏ ਮਹੀਨੇ ਦਾ ਇਸ ਆਸ਼ਰਮ ਦਾ ਖਰਚਾ ਹੈ ਜੋ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚੱਲਦਾ ਹੈ। ਗੁਰਬਾਣੀ ਦੇ ਗੁਰਵਾਕ "ਸੈਲ ਪੱਥਰ ਮਹਿ ਜੰਤ ਉਪਾਏ ਤਾ ਕਾ ਰਿਜਕ ਆਗੈ ਕਰਿ ਧਰਿਆ॥" ਵਾਲੀ ਦਰਸਾਈ ਉਸ ਦਾਤੇ ਦੀ ਕਲਾ ਇੱਥੇ ਜ਼ਾਹਰਾ ਵਰਤਦੀ ਮਹਿਸੂਸ ਹੁੰਦੀ ਹੈ।ਮਨੁੱਖਤਾ ਦੇ ਭਲੇ ਲਈ ਆਰੰਭੀ ਤੀਜੇ ਪਾਤਸ਼ਾਹ ਗੁਰੂ ਅਮਰ ਦਾਸ ਜੀ ਦੇ ਸਹਾਰੇ ਚਲਦੀ ਇਸ ਚੈਰੀਟੇਬਲ ਸੰਸਥਾ ਨੂੰ ਹਰ ਵੇਲੇ ਮੱਦਦਦੀ ਲੋੜ ਹੈ। ਸ਼ੈੱਡਾਂ 'ਚ ਰਹਿ ਰਹੇ ਮਰਦ ਮਰੀਜ਼ਾਂ ਲਈ ਇੱਕ ਬਹੁਤ ਵੱਡੀ ਤਿੰਨ ਮੰਜ਼ਲੀ ਇਮਾਰਤ ਦਾ ਕੰਮ ਚਲ ਰਿਹਾ ਹੈ, ਜਿਸ ਲਈ ਤੁਹਾਡੇ ਸਾਰਿਆਂ ਦੇ ਸਹਿਯੋਗ ਅਤੇ ਅਸੀਸਾਂ ਦੀ ਬੇਹੱਦ ਲੋੜ ਹੈ ਜੀ।

ਸੰਪਰਕ: ਆਸ਼ਰਮ (ਦਫਤਰ) 95018-42505, ਡਾ. ਨੌਰੰਗ ਸਿੰਘ ਮਾਂਗਟ, ਇੰਡੀਆ: 95018-42506; ਕੈਲਗਰੀ (ਕੈਨੇਡਾ) 403-401-8787; ਗੁਰਚਰਨ ਕੌਰ ਥਿੰਦ (ਲੇਖਕ) ਕੈਲਗਰੀ, ਕੈਨੇਡਾ: 403-402-9635

FARM MORTGAGE SPECIALIST
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Professional Mortgage Consultants Plus
5 YEAR FIXED
5.29 %*
QUICK & EASY APPROVALS

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਕਰਵਾਇਆ ਗਿਆ ਸੈਮੀਨਾਰ







ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਮਿਤੀ 1 ਸਤੰਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਸਵਾਲ ਜਵਾਬ ਦੇ ਰੂਪ ਵਿਚ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਤਕਰੀਬਨ ੨੦੦ ਪ੍ਰਾਣੀਆਂ ਨੇ ਹਾਜਰੀਆਂ ਭਰ ਕੇ ਲਾਹਾ ਪ੍ਰਾਪਤ ਕੀਤਾ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruff, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)


## ਦੇਸ਼ ਭਰ 'ਚ ਇੱਕੋ ਸਮੇਂ ਚੋਣਾਂ ਕਿਉਂ ਖਤਰਨਾਕ?

### 'ਆਪ' ਨੇ ਦੱਸਿਆ 'ਸਭ ਤੋਂ ਵੱਡਾ ਡਰ'



ਆਮ ਆਦਮੀ ਪਾਰਟੀ (ਆਪ) ਨੇ 'ਵਨ ਨੇਸ਼ਨ, ਵਨ ਇਲੈਕਸ਼ਨ' ਦਾ ਵਿਰੋਧ ਪ੍ਰਗਟਾਉਂਦਿਆਂ ਇਸ ਨੂੰ ਲੋਕਤੰਤਰ ਲਈ ਖਤਰਨਾਕ ਪਹਿਲ ਕਰਾਰ ਦਿੱਤਾ ਹੈ। ਦਿੱਲੀ ਅਤੇ ਪੰਜਾਬ ਦੀ ਸੱਤਾਧਾਰੀ ਪਾਰਟੀ ਨੇ ਕਿਹਾ ਹੈ ਕਿ ਇਸ ਨਾਲ ਦਲ-ਬਦਲੀ ਵਿਰੋਧੀ ਕਾਨੂੰਨ ਖਤਮ ਹੋ ਜਾਵੇਗਾ। 'ਆਪ' ਆਗੂ ਜੈਸਮੀਨ ਸ਼ਾਹ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਸਿਰਫ਼ ਆਪਣੇ ਫਾਇਦੇ ਦੱਸ ਰਹੀ ਹੈ, ਪਰ ਵਿਸਥਾਰਪੂਰਵਕ ਜਾਣਕਾਰੀ ਨਹੀਂ ਦੇ ਰਹੀ।ਸ਼ਾਹ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਇਸ ਦਾ ਵਿਰੋਧ ਕਰਦੇ ਹੋਏ ਚੋਣ ਕਮਿਸ਼ਨ ਨੂੰ ਆਪਣਾ 12 ਪੰਨਿਆਂ ਦਾ ਸਟੈਂਡ ਸੌਂਪਿਆ ਹੈ। ਜੈਸਮੀਨ ਸ਼ਾਹ ਨੇ ਕਿਹਾ, 'ਵਨ ਨੇਸ਼ਨ ਵਨ ਇਲੈਕਸ਼ਨ ਭਾਰਤ ਦੇ ਲੋਕਤੰਤਰ ਲਈ ਖਤਰਨਾਕ ਪਹਿਲ ਹੈ। ਭਾਜਪਾ ਜਦੋਂ ਵਨ ਨੇਸ਼ਨ ਵਨ ਇਲੈਕਸ਼ਨ ਦੀ ਗੱਲ ਕਰਦੀ ਹੈ ਤਾਂ ਸਿਰਫ ਇਹੀ ਕਹਿੰਦੀ ਹੈ ਕਿ ਇਸ ਦਾ ਬਹੁਤ ਫਾਇਦਾ ਹੋਵੇਗਾ। ਜੇਕਰ ਸਾਰੀਆਂ ਚੋਣਾਂ ਇੱਕੋ ਸਮੇਂ ਕਰਵਾਈਆਂ ਜਾਣ ਤਾਂ ਜਨਤਾ ਦੇ ਪੈਸੇ ਦੀ ਬੱਚਤ ਹੋਵੇਗੀ। ਪਰ ਇਸ ਦੇ ਵੇਰਵਿਆਂ ਦੀ ਚਰਚਾ ਨਹੀਂ ਕਰਦੇ।ਸ਼ਾਹ ਨੇ ਅੱਗੇ ਕਿਹਾ, 'ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕਾਨੂੰਨ ਅਜਿਹਾ ਹੋਵੇਗਾ ਕਿ ਪਿਛਲੇ ਪੰਜ ਸਾਲਾਂ 'ਚ ਕਦੇ ਵੀ ਚੋਣਾਂ ਨਹੀਂ ਹੋਣਗੀਆਂ। ਮੰਨ ਲਓ ਕਿ ਗੱਠਜੋੜ ਦੀ ਸਰਕਾਰ ਬਣ ਜਾਂਦੀ ਹੈ ਅਤੇ ਇੱਕ ਪਾਰਟੀ ਪਛੜ ਜਾਂਦੀ ਹੈ, ਤਾਂ ਇਸ ਤਾਰੀਖ ਨੂੰ ਸਰਕਾਰ ਡਿੱਗ ਜਾਂਦੀ ਹੈ ਅਤੇ ਲੋਕਾਂ ਨੂੰ ਦੁਬਾਰਾ ਵੋਟ ਪਾਉਣ ਦਾ ਮੌਕਾ ਮਿਲਦਾ ਹੈ। ਇਸ ਕਾਨੂੰਨ ਤਹਿਤ ਅਜਿਹਾ ਕੀ ਹੋਣਾ ਹੈ ਕਿ ਜੇਕਰ ਕਿਸੇ ਵੀ ਗਠਜੋੜ ਦੀ ਸਰਕਾਰ ਡਿੱਗਦੀ ਹੈ ਤਾਂ ਲੋਕਾਂ ਵੱਲੋਂ ਚੁਣੇ ਗਏ ਵਿਧਾਇਕ ਆਪਸ ਵਿੱਚ ਫੈਸਲਾ ਕਰਨਗੇ ਕਿ ਕਿਸ ਨਵੀਂ ਪਾਰਟੀ ਜਾਂ ਵਿਅਕਤੀ ਨੂੰ ਮੁੱਖ ਮੰਤਰੀ ਬਣਾਉਣਾ ਹੈ। ਇਸ ਦਾ ਮਤਲਬ ਹੈ ਕਿ ਦੇਸ਼ ਵਿੱਚ ਅੱਜ ਤੋਂ ਲਾਗੂ ਦਲ-ਬਦਲ ਵਿਰੋਧੀ ਕਾਨੂੰਨ ਖਤਮ ਹੋ ਜਾਵੇਗਾ।18 ਤੋਂ 22 ਸਤੰਬਰ ਤੱਕ ਬੁਲਾਏ ਜਾਣ ਵਾਲੇ ਸੰਸਦ ਦੇ ਵਿਸ਼ੇਸ਼ ਸੈਸ਼ਨ ਨੂੰ ਲੈ ਕੇ ਚੱਲ ਰਹੀਆਂ ਅਟਕਲਾਂ ਦਰਮਿਆਨ ਸਰਕਾਰ ਨੇ ਸ਼ੁੱਕਰਵਾਰ ਨੂੰ 'ਵਨ ਨੇਸ਼ਨ ਵਨ ਇਲੈਕਸ਼ਨ' 'ਤੇ ਇਕ ਕਮੇਟੀ ਦਾ ਗਠਨ ਕੀਤਾ ਹੈ। ਵਿਰੋਧੀ ਪਾਰਟੀਆਂ ਨੇ ਇਸ ਵਿਚਾਰ ਦਾ ਵਿਰੋਧ ਕੀਤਾ ਹੈ। ਆਮ ਆਦਮੀ ਪਾਰਟੀ ਦੀ ਮੁੱਖ ਬੁਲਾਰੇ ਪ੍ਰਿਯੰਕਾ ਕੱਕੜ ਨੇ ਕਿਹਾ ਕਿ ਇਹ 'ਭਾਰਤ' ਗਠਜੋੜ ਦੇ ਤਹਿਤ ਵਿਰੋਧੀ ਪਾਰਟੀਆਂ ਦੀ ਏਕਤਾ ਨੂੰ ਦੇਖ ਕੇ ਸੱਤਾਧਾਰੀ ਪਾਰਟੀ 'ਚ 'ਘਬਰਾਹਟ' ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, 'ਪਹਿਲਾਂ ਉਨ੍ਹਾਂ ਨੇ ਐਲਪੀਜੀ ਦੀਆਂ ਕੀਮਤਾਂ ਵਿੱਚ 200 ਰੁਪਏ ਦੀ ਕਟੌਤੀ ਕੀਤੀ ਅਤੇ ਹੁਣ ਘਬਰਾਹਟ ਇੰਨੀ ਹੈ ਕਿ ਉਹ ਸੰਵਿਧਾਨ ਵਿੱਚ ਸੋਧ ਕਰਨ ਬਾਰੇ ਸੋਚ ਰਹੇ ਹਨ। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਉਹ ਆਉਣ ਵਾਲੀਆਂ ਚੋਣਾਂ ਨਹੀਂ ਜਿੱਤ ਰਹੇ ਹਨ।


ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼ੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼ੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ

778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com

# ਵਿਲੀਅਮਜ਼ ਲੇਕ ਨਿਵਾਸੀਆਂ ਨੇ ਧੂਮਧਾਮ ਨਾਲ ਪਿਕਨਿਕ ਮਨਾਈ





ਵਿਲੀਅਮਜ਼ ਲੇਕ ਨਿਵਾਸੀਆਂ ਨੇ ਇਸ ਸਾਲ ਬੜੇ ਉਤਸ਼ਾਹ ਨਾਲ ਪਿਕਨਿਕ ਵਿਚ ਯੋਗਦਾਨ ਪਾਇਆ। ਸਭ ਨੇ ਰਲ ਮਿਲ ਕੇ ਗੀਤ, ਗਿੱਧਾ ਤੇ ਡਾਂਸ ਕਰ ਕੇ ਪੂਰੇ ਪੁਰਾਣੇ ਪੇਂਡੂਆਂ ਦਾ ਮਨੋਰੰਜਨ ਕੀਤਾ ਤੇ ਖਾਣ ਪੀਣ ਦਾ ਵੀ ਪੂਰਾ ਇੰਤਜਾਮ ਸੀ। ਸਾਰੀਆਂ ਖੁਸ਼ੀਆਂ ਤੋਂ ਬਾਦ ਇਕ ਦੂਜੇ ਨੂੰ ਅਗਲੇ ਸਾਲ ਮਿਲਣ ਦਾ ਵਾਅਦਾ ਕਰ ਕੇ ਖੁਸ਼ੀ ਖੁਸ਼ੀ ਵਿਦਾ ਹੋਏ।

ਸੁਰਜੀਤ ਧਾਲੀਵਾਲ, ਦਰਸ਼ਨ ਢੇਰੀ

## (ਮੁੱਖ ਪੰਨੇ ਦੀ ਬਾਕੀ)

ਚੱਲੇਗਾ। ਸਾਨੂੰ ਡਰਾਇੰਗ ਬੋਰਡ ਉੱਤੇ ਵਾਪਸ ਜਾਣਾ ਤੇ ਪਹਿਲੇ ਸਿਧਾਂਤਾਂ ਤੋਂ ਸ਼ੁਰੂ ਕਰਨਾ ਚਾਹੀਦਾ ਹੈ। ਇਹ ਪੁੱਛਣਾ ਚਾਹੀਦਾ ਹੈ ਕਿ ਪ੍ਰਸਤਾਵਨਾ ਵਿੱਚ ਇਨ੍ਹਾਂ ਸ਼ਬਦਾਂ ਦਾ ਹੁਣ ਕੀ ਮਤਲਬ ਹੈ ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰ, ਨਿਆਂ, ਅਜ਼ਾਦੀ ਤੇ ਸਮਾਨਤਾ। ਸਾਨੂੰ ਲੋਕਾਂ ਨੂੰ ਇੱਕ ਨਵਾਂ ਸੰਵਿਧਾਨ ਦੇਣਾ ਹੋਵੇਗਾ। ਦੇਬਰਾਏ ਨੇ ਜਿਹੜੇ ਸ਼ਬਦਾਂ, ਸਮਾਜਵਾਦੀ, ਧਰਮ ਨਿਰਪੱਖ, ਨਿਆਂ, ਅਜ਼ਾਦੀ ਤੇ ਸਮਾਨਤਾ ਉੱਤੇ ਕਿੰਤੂ ਕੀਤਾ ਹੈ, ਇਹ ਭਾਰਤੀ ਸੰਵਿਧਾਨ ਦੀ ਆਤਮਾ ਹਨ। ਜੇਕਰ ਇਹ ਸ਼ਬਦ ਹਟਾ ਦਿੱਤੇ ਜਾਣ ਤਾਂ ਇਸ ਦਾ ਸਿੱਧਾ ਮਤਲਬ ਹੈ ਤਾਨਾਸ਼ਾਹੀ। ਬਿਬੇਕ ਦੇਬਰਾਏ ਕੋਈ ਛੋਟੀ ਚੀਜ਼ ਨਹੀਂ, ਉਹ ਮੋਦੀ ਸਰਕਾਰ ਦੀਆਂ ਅੱਖਾਂ, ਨੱਕ ਤੇ ਕੰਨ ਹੈ। ਉਸ ਵੱਲੋਂ ਲਿਖੀਆਂ ਗਈਆਂ ਗੱਲਾਂ ਸੁਭਾਵਕ ਨਹੀਂ, ਇੱਕ ਸੋਚੀ-ਸਮਝੀ ਨੀਤੀ ਤਹਿਤ ਕਹੀਆਂ ਗਈਆਂ ਹਨ। ਉਹ ਲਿਖਦਾ ਹੈ, ‘ਸਾਡਾ ਵਰਤਮਾਨ ਸੰਵਿਧਾਨ ਭਾਰਤ ਸਰਕਾਰ ਦੇ 1935 ਦੇ ਨੋਟੀਫਿਕੇਸ਼ਨ ਉੱਤੇ ਆਧਾਰਿਤ ਹੈ। ਇਸ ਲਈ ਇਹ ਗੁਲਾਮੀ ਦੀ ਵਿਰਾਸਤ ਹੈ।’’ ਇਹ ਕਹਿਣ ਪਿੱਛੇ ਭਾਵਨਾ ਇਹ ਹੈ ਕਿ ਜਿਵੇਂ ਮੋਦੀ ਸਰਕਾਰ ਗੁਲਾਮੀ ਦੀਆਂ ਨਿਸ਼ਾਨੀਆਂ ਕਹਿ ਕੇ ਕਈ ਨਾਵਾਂ ਅਤੇ ਕਾਨੂੰਨਾਂ ਨੂੰ ਬਦਲ ਰਹੀ ਹੈ, ਇਸੇ ਤਰ੍ਹਾਂ ਸੰਵਿਧਾਨ ਨੂੰ ਵੀ ਬਦਲ ਦੇਣਾ ਚਾਹੀਦਾ ਹੈ। ਅਸਲ ਵਿੱਚ ਬਿਬੇਕ ਦੇਬਰਾਏ ਭਾਰਤ ਵਿੱਚ ਲੋਕਤੰਤਰਿਕ ਤਾਨਾਸ਼ਾਹੀ ਦੀ ਵਕਾਲਤ ਕਰਦਾ ਹੈ, ਜਿਸ ਲਈ ਉਹ ਭਾਰਤ ਦੇ ਮੌਜੂਦਾ ਸੰਵਿਧਾਨ ਨੂੰ ਵੱਡੀ ਰੁਕਾਵਟ ਸਮਝਦਾ ਹੈ। ਲੇਖ ਛਪਣ ਤੋਂ ਦੋ ਦਿਨ ਬਾਅਦ ਹੀ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਨੇ ਇਸ ਲੇਖ ਤੋਂ ਆਪਣੇ ਆਪ ਨੂੰ ਵੱਖ ਕਰਦਿਆਂ ਇਸ ਨੂੰ ਉਸ ਦੇ ਨਿੱਜੀ ਵਿਚਾਰ ਦੱਸਿਆ। ਇਹ ਕਿੱਡੀ ਹਾਸੋਹੀਣੀ ਗੱਲ ਹੈ ਕਿ ਬਿਬੇਕ ਦੇਬਰਾਏ ਹੀ ਲੇਖ ਲਿਖਦਾ ਹੈ ਤੇ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਚੇਅਰਮੈਨ ਵਜੋਂ ਉਹ ਹੀ ਉਸ ਦਾ ਖੰਡਨ ਕਰਦਾ ਹੈ। ਅਜਿਹੀ ਡਰਾਮੇਬਾਜ਼ੀ ਮੋਦੀ ਰਾਜ ਵਿੱਚ ਹੀ ਸੰਭਵ ਹੈ। ਅਸਲ ਵਿੱਚ ਇਹ ਸੰਭਵ ਹੀ ਨਹੀਂ ਕਿ ਮੋਦੀ ਦੀ ਸਹਿਮਤੀ ਬਿਨਾਂ ਉਸ ਦੀ ਆਰਥਿਕ ਸਲਾਹਕਾਰ ਕੌਂਸਲ ਦਾ ਚੇਅਰਮੈਨ ਕੋਈ ਆਪਹੁਦਰੀ ਕਰ ਸਕਦਾ ਹੋਵੇ। ਅਸਲ ਵਿੱਚ ਸੱਤਾਧਾਰੀਆਂ ਨੇ ਸੰਵਿਧਾਨ ਬਦਲਣ ਦੀ ਆਪਣੀ ਮਨਸ਼ਾ ਬਾਰੇ ਲੋਕਾਂ ਦਾ ਨਜ਼ਰੀਆ ਜਾਣਨ ਲਈ ਦੇਬਰਾਏ ਨੂੰ ਇੱਕ ਜ਼ਰੀਆ ਬਣਾਇਆ ਹੈ। ਇਹ ਲੇਖ ਛਪਣ ਤੋਂ ਬਾਅਦ ਦੇਸ਼ ਭਰ ਵਿੱਚ ਇਸ ਵਿਰੁੱਧ ਤਿੱਖੀ ਪ੍ਰਤੀਕਿਰਿਆ ਹੋਈ ਹੈ। ਬਸਪਾ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨੇ ਸੰਵਿਧਾਨ ਬਦਲਣ ਦੇ ਵਿਚਾਰ ਦੀ ਤਿੱਖੀ ਅਲੋਚਨਾ ਕੀਤੀ ਹੈ। ਸੁਪਰੀਮ ਕੋਰਟ ਦੀ ਵਕੀਲ ਸੋਮੋਨਾ ਖੰਨਾ ਨੇ ਲਿਖਿਆ ਹੈ, ‘ਇੱਕ ਸਰਕਾਰੀ ਅਰਥ ਸ਼ਾਸਤਰੀ ਦੀ ਅਜਿਹੀ ਸੋਚ ਹੰਕਾਰ ਦੀ ਸਿਖਰ ਹੈ। ਉਹ ਸੰਵਿਧਾਨ ਸਭਾ ਦੇ 389 ਮੈਬਰਾਂ, ਡਾ. ਅੰਬੇਡਕਰ ਦੀ ਪ੍ਰਧਾਨਗੀ ਵਾਲੇ ਬੁੱਧੀਮਾਨਾਂ ਅਤੇ 77 ਸਾਲਾਂ ਦੇ ਸੰਵਿਧਾਨਕ ਨਿਆਂ ਸ਼ਾਸਤਰ ਦੇ ਗਿਆਨ ਨੂੰ ਵੀ ਖ਼ਤਮ ਕਰ ਸਕਦਾ ਹੈ।’ਲੋਕਾਂ ਦੇ ਇਸ ਵਿਰੋਧ ਕਾਰਨ ਹੀ ਆਖਰ ਦੇਬਰਾਏ ਨੂੰ ਖੁਦ ਹੀ ਲੇਖ ਦਾ ਖੰਡਨ ਕਰਨ ਲਈ ਮਜਬੂਰ ਹੋਣਾ ਪਿਆ, ਪਰ ਇਸ ਦੇ ਨਾਲ ਸੰਘ-ਭਾਜਪਾ ਨੇ ਲੋਕਾਂ ਨੂੰ 2024 ਦੀਆਂ ਚੋਣਾਂ ਤੋਂ ਬਾਅਦ ਦਾ ਨਕਸ਼ਾ ਦਿਖਾ ਕੇ ਆਪਣੇ ਮਨਸੂਬਿਆਂ ਨੂੰ ਨਸ਼ਰ ਕਰ ਦਿੱਤਾ ਹੈ।

Angle Pro-Clean




OUR SERVICES
House Cleaning | Office Cleaning
Condo & Apartment | Carpet Cleaning
Move-In/Out Cleaning | Airbnb Cleaning Services
Commercial Cleaning Services | Hotel Cleaning
236-989-0144
info@angelproclean.com www.angelproclean.com

UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ
NOW HIRING
Email: info@universaltent.ca www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL
• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਫੋਰਡ ਨੇ ਆਪਣੇ ਮੰਤਰੀ ਮੰਡਲ ਵਿੱਚ ਕੀਤੀ ਮਾਮੂਲੀ ਫੇਰਬਦਲ

ਓਨਟਾਰੀਓ- ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕੀਤਾ। ਹਾਊਸਿੰਗ ਮੰਤਰੀ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਇਹ ਫੇਰਬਦਲ ਕੀਤਾ ਗਿਆ। ਇੰਟੇਗ੍ਰਿਟੀ ਕਮਿਸ਼ਨਰ ਦੀ ਰਿਪੋਰਟ ਵਿੱਚ ਇਹ ਆਖੇ ਜਾਣ ਉੱਤੇ ਕਿ ਉਨ੍ਹਾਂ ਐਥਿਕਸ ਨਿਯਮਾਂ ਦੀ ਉਲੰਘਣਾ ਕੀਤੀ ਹੈ, ਸਟੀਵ ਕਲਾਰਕ ਵੱਲੋਂ ਅਸਤੀਫਾ ਦੇ ਦਿੱਤਾ ਗਿਆ। ਹੁਣ ਉਨ੍ਹਾਂ ਦੀ ਥਾਂ ਲਾਂਗ ਟਰਮ ਕੇਅਰ ਮੰਤਰੀ ਰਹਿ ਚੁੱਕੇ ਪਾਲ ਕੈਲੈਂਡਰਾ ਲੈਣਗੇ। ਇਸ ਦੇ ਨਾਲ ਹੀ ਕੈਲੈਂਡਰਾ ਸਰਕਾਰ ਦੇ ਹਾਊਸ ਲੀਡਰ ਵੀ ਬਣੇ ਰਹਿਣਗੇ ਜਦਕਿ ਉਨ੍ਹਾਂ ਦੀ ਥਾਂ ਲਾਂਗ ਟਰਮ ਕੇਅਰ ਮੰਤਰੀ ਸਟੈਨ ਚੋਅ ਨੂੰ ਥਾਪਿਆ ਗਿਆ ਹੈ।

ਕੈਰੋਲੀਨ ਮਲਰੋਨੀ ਨੂੰ ਖਜ਼ਾਨਾ ਬੋਰਡ ਦੀ ਪ੍ਰੈਜ਼ੀਡੈਂਟ ਨਿਯੁਕਤ ਕੀਤਾ ਗਿਆ ਹੈ ਤੇ ਪ੍ਰਭਮੀਤ ਸਰਕਾਰੀਆ ਉਨ੍ਹਾਂ ਦੀ ਥਾਂ ਟਰਾਂਸਪੋਰਟੇਸ਼ਨ ਮੰਤਰੀ ਦਾ ਅਹੁਦਾ ਸਾਂਭਣਗੇ। ਫਰੈਂਚ ਭਾਈਚਾਰੇ ਨਾਲ ਸਬੰਧਤ ਮਾਮਲਿਆਂ ਦੀ ਜ਼ਿੰਮੇਵਾਰੀ ਮਲਰੋਨੀ ਨਿਭਾਉਂਦੀ ਰਹੇਗੀ। ਫੋਰਡ ਨੇ ਆਖਿਆ ਕਿ ਉਨ੍ਹਾਂ ਟੀਮ ਨੰਵਿਆਈ ਹੈ। ਉਹ ਓਨਟਾਰੀਓ ਵਾਸੀਆਂ ਦੇ ਪੱਖ ਉੱਤੇ ਕੰਮ ਕਰਨਾ ਕਦੇ ਬੰਦ ਨਹੀਂ ਕਰਨਗੇ।









# ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਦੇ100ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਨਫਰੰਸ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ

## ਬਬਰ ਅਕਾਲੀ ਲਹਿਰ ਦੇ ਮਕਸਦ ਭਾਰਤ 'ਚੋਂ ਅੰਗਰੇਜ਼ਾਂ ਨੂੰ ਕੱਢ ਕੇ 'ਪੰਜਾਬ ਵਿੱਚ ਮੁੜ ਖਾਲਸਾ ਰਾਜ' ਅਤੇ 'ਭਾਰਤ 'ਚ ਸਵਰਾਜ ਦੀ ਸਥਾਪਨਾ' ਬਾਰੇ ਇਤਿਹਾਸਕ ਖੋਜਾਂ ਤੇ ਵਿਚਾਰ








ਐਬਟਸਫੋਰਡ (ਡਾ. ਗੁਰਵਿੰਦਰ ਸਿੰਘ):ਬਬਰ ਅਕਾਲੀ ਲਹਿਰ ਦੇ ਮੋਢੀ ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਦਾ 100ਵਾਂ ਸ਼ਹੀਦੀ ਵਰ੍ਹਾ ਬੜੇ ਉਤਸ਼ਾਹ ਨਾਲ, ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵੱਲੋਂ ਮਨਾਇਆ, ਜਿਸ ਵਿੱਚ ਅੰਤਰਰਾਸ਼ਟਰੀ ਸ਼ਹੀਦੀ ਕਾਨਫਰੰਸ, ਦਸਤਾਰ ਮੁਕਾਬਲੇ ਹੋਣਹਾਰ ਨੌਜਵਾਨਾਂ ਦੇ ਸਨਮਾਨ ਅਤੇ ਚਿੱਤਰਕਾਰ ਜਰਨੈਲ ਸਿੰਘ ਵਲੋਂ ਪ੍ਰਦਰਸ਼ਨੀ ਲਗਾਈ ਗਈ। ਤਿੰਨ ਸਮਾਗਮਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਤੋਂ ਲੈ ਕੇ ਕਾਨਫਰੰਸ ਤੱਕ, ਸੰਗਤਾਂ ਦਾ ਭਰਪੂਰ ਸਹਿਯੋਗ ਰਿਹਾ। ਗੁਰਦੁਆਰਾ ਸਾਹਿਬ ਦੇ ਨੌਜਵਾਨ ਸੇਵਾਦਾਰ ਭਾਈ ਮਨਿੰਦਰ ਸਿੰਘ ਨੇ ਸ਼ਹੀਦੀ ਕਾਨਫਰੰਸ ਅਤੇ ਸਮਾਗਮ ਦੇ ਮਨੋਰਥ ਅਤੇ ਨੌਜਵਾਨ ਪੀੜੀ ਨੂੰ ਬਬਰ ਅਕਾਲੀ ਲਹਿਰ ਬਾਰੇ ਜਾਣਕਾਰੀ ਹਾਸਿਲ ਕਰਨ 'ਤੇ ਜ਼ੋਰ ਦਿੱਤਾ।

ਸਭ ਤੋਂ ਵਿਲਖਣ ਗੱਲ ਇਹ ਸੀ ਕਿ ਐਬਟਸਫੋਰਡ ਦੀਆਂ ਤਿੰਨੇ ਸੁਸਾਈਟੀਆਂ; ਖਾਲਸਾ ਦੀਵਾਨ ਸੁਸਾਇਟੀ, ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ ਅਤੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰਾ ਸੁਸਾਇਟੀ ਨੇ ਮਿਲ-ਜੁਲ ਕੇ ਇਨ੍ਹਾਂ ਸਮਾਗਮਾਂ ਵਿੱਚ ਪੂਰਨ ਸਾਥ ਦਿੱਤਾ। ਸਮਾਪਤੀ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਅਤੇ ਗੁਰਦੁਆਰਾ ਸਾਹਿਬ ਰਾਮਗੜ੍ਹੀਆ ਸੁਸਾਇਟੀ ਸਰੀ ਦੇ ਸੇਵਾਦਾਰਾਂ ਨੇ ਵੀ ਭਰਵੀਂ ਹਾਜ਼ਰੀ ਲਵਾਈ।
ਸ਼ਹੀਦ ਭਾਈ ਕਰਮ ਸਿੰਘ ਬਬਰ ਅਕਾਲੀ ਦੇ 100ਵੇਂ ਸ਼ਹੀਦੀ ਦਿਹਾੜੇ 'ਤੇ ਅੰਤਰਰਾਸ਼ਟਰੀ ਸ਼ਹੀਦੀ ਕਾਨਫਰੰਸ ਵਿੱਚ ਸਿੱਖ ਵਿਦਵਾਨ ਰਾਜਵਿੰਦਰ ਸਿੰਘ ਰਾਹੀ, ਡਾ. ਸੁਖਪ੍ਰੀਤ ਸਿੰਘ ਉਦੋਕੇ, ਗਿਆਨ ਸਿੰਘ ਸੰਧੂ, ਸੋਹਣ ਸਿੰਘ ਪੂਨੀ, ਡਾ. ਸੁਖਵਿੰਦਰ ਕੌਰ ਬੈਂਸ, ਡਾਕਟਰ ਗੁਰਵਿੰਦਰ ਸਿੰਘ ਅਤੇ ਡਾ. ਸ਼ਰਨਜੀਤ ਕੌਰ ਸਿੰਡਰਾ ਅਤੇ ਹੋਰ ਬਹੁਤ ਸਾਰੀਆਂ ਸਖਸ਼ੀਅਤਾਂ ਦੇ ਵਿਚਾਰ ਸੰਗਤਾਂ ਨੇ ਸਰਵਣ ਕੀਤੇ ਅਤੇ ਬਬਰ ਲਹਿਰ ਦੇ ਇਤਿਹਾਸ ਤੋਂ ਜਾਣੂ ਹੋਏ। ਸਮਾਗਮਾਂ ਦੌਰਾਨ ਹੋਰਨਾਂ ਬੁਲਾਰਿਆਂ ਵਿੱਚ ਡਾ. ਗੋਪਾਲ ਸਿੰਘ ਬੁੱਟਰ ਤੇ ਖਾਲਸਾ ਦੀਵਾਨ ਸੁਸਾਇਟੀ ਵੈਨਕੁਵਰ ਦੇ ਜਰਨਲ ਸਕੱਤਰ ਜੋਗਿੰਦਰ ਸਿੰਘ ਸੁੰਨੜ ਨੇ ਵੀ ਸੰਬੋਧਨ ਕੀਤਾ, ਜਦਕਿ ਸਮਾਗਮਾਂ ਦਾ ਸੰਚਾਲਨ ਗੁਰਦੁਆਰਾ ਸਾਹਿਬ ਸੁਸਾਇਟੀ ਦੇ ਜਰਨਲ ਸਕੱਤਰ ਰਜਿੰਦਰ ਸਿੰਘ ਗਰੇਵਾਲ, ਜਸਕਰਨ ਸਿੰਘ ਧਾਲੀਵਾਲ ਅਤੇ ਕਾਨਫਰੰਸ ਪ੍ਰਬੰਧਕ ਸੁਖਵਿੰਦਰ ਸਿੰਘ ਕਾਹਲੋਂ ਨੇ ਕੀਤਾ।

ਸ਼ਹੀਦੀ ਸ਼ਤਾਬਦੀ ਕਾਨਫਰੰਸ ਦੌਰਾਨ ਸ਼ਹੀਦ ਕਰਮ ਸਿੰਘ ਬਬਰ ਵੱਲੋਂ ਗੁਰਬਾਣੀ ਤੇ ਸਿੱਖ ਇਤਿਹਾਸ ਤੋਂ ਪ੍ਰੇਰਣਾ ਲੈਣ, ਆਪਣੀ ਜ਼ਮੀਨ ਗੁਰਦੁਆਰਾ ਸਾਹਿਬ ਨੂੰ ਭੇਟਾ ਕਰਕੇ, ਪੰਜਾਬ ਜਾ ਕੇ ਸ਼ਹੀਦੀ ਪਾਉਣ ਤੋਂ ਲੈ ਕੇ, ਬਬਰ ਅਕਾਲੀ ਲਹਿਰ ਦੇ ਸੁਪਨੇ ਭਾਰਤ 'ਚੋਂ ਅੰਗਰੇਜ਼ਾਂ ਨੂੰ ਕੱਢ ਕੇ 'ਪੰਜਾਬ ਵਿੱਚ ਮੁੜ ਖਾਲਸਾ ਰਾਜ' ਅਤੇ 'ਭਾਰਤ 'ਚ ਸਵਰਾਜ ਦੀ ਸਥਾਪਨਾ' ਦੇ ਮਕਸਦ ਬਾਰੇ ਇਤਿਹਾਸਕ ਖੋਜਾਂ ਸਾਂਝੀਆਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਬੁਲਾਰਿਆਂ ਨੇ ਮੌਜੂਦਾ ਸਮੇਂ ਭਾਰਤ ਵਿੱਚ ਘੱਟ ਗਿਣਤੀ ਚਿੰਤਾਜਨਕ ਹਾਲਾਤ ਅਤੇ ਬਬਰ ਅਕਾਲੀਆ ਦੀ ਸੋਚ ਦੇ ਉਲਟ ਰਾਜ ਪ੍ਰਬੰਧ 'ਤੇ ਭਾਰੀ ਚਿੰਤਾ ਦਾ ਪ੍ਰਗਟਾਵਾ ਕੀਤਾ। ਅੰਤਰ ਰਾਸ਼ਟਰੀ ਕਾਨਫਰੰਸ ਦੇ ਅਖੀਰ ਵਿੱਚ ਸਕੂਲ ਬੋਰਡ ਨੂੰ ਅਪੀਲ ਕੀਤੀ ਗਈ ਕਿ ਸ਼ਹੀਦ ਭਾਈ ਕਰਮ ਸਿੰਘ ਬਬਰ ਦਾ ਇਤਿਹਾਸ ਸਿਲੇਬਸ ਵਿੱਚ ਪੜ੍ਹਾਇਆ ਜਾਏ, ਜੋ ਕਿ ਨਸਲਵਾਦ ਅਤੇ ਬਸਤੀਵਾਦ ਦੇ ਖਾਤਮੇ ਲਈ ਇਤਿਹਾਸਿਕ ਇਨਕਲਾਬ ਸੀ। ਇਸ ਦੌਰਾਨ ਦਸਤਾਰ ਮੁਕਾਬਲੇ ਮੌਕੇ ਵੱਖ ਵੱਖ ਗਰੁੱਪਾਂ 'ਚੋਂ ਸਿੱਖ ਬੱਚੇ-ਬੱਚੀਆਂ, ਬਜ਼ੁਰਗਾਂ ਤੇ ਨੌਜਵਾਨਾਂ ਨੂੰ ਸਨਮਾਨਿਤ ਕੀਤਾ ਗਿਆ। ਦਸਤਾਰ ਮੁਕਾਬਲੇ ਵਿੱਚ ਸੰਗਤਾਂ ਦੀ ਬੇਮਿਸਾਲ ਹਾਜ਼ਰੀ ਨੇ ਨੌਜਵਾਨ ਪ੍ਰਬੰਧਕਾਂ ਦਾ ਹੌਂਸਲਾ ਭਰਪੂਰ ਕੀਤਾ।

# ਮਦਰ ਇੰਡੀਆ

## CELEBRATING




## ਸ਼ਿਲਾਜੀਤ




ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ ਪਾਉਣ ਲਈ ਮਦਰ ਇੰਡੀਆ ਦੀ ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ ਬੂਸਟ ਲਈ ਅਤਿਅੰਤ ਲਾਹੇਵੰਦ ਹੈ

Mother india

## Attar (Profume)

Now Available




Mother India



ਨਰੇਸ਼ ਸ਼ੁਕਲਾ

Email:nareshcanada@hotmail.com
6647-Main Street (50th Ave.)
Vancouver BC V5X 3H3




ਮਦਰ ਇੰਡੀਆ ਹਰਬਲ ਸ਼ੈਂਪੂ
ਹੁਣ 8 ਰੰਗਾਂ ਵਿਚ ਮਿਲਦਾ ਹੈ

TEL: 604-430-6072

# ਗੁਰੂ ਗ੍ਰੰਥ ਸਾਹਿਬ ਜੀ ਦੇ 419ਵੇਂ ਪਹਿਲੇ ਪ੍ਰਕਾਸ਼ ਦਿਹਾੜੇ ਤੇ ਨਗਰ ਕੀਰਤਨ ਵਿਚ ਐਬਟਸਫੋਰਡ ਵਿਖੇ ਸੰਗਤਾਂ ਦੀ ਰਿਕਾਰਡ ਤੋੜ ਹਾਜ਼ਰੀ ਨੇ ਸਿਰਜਿਆ ਇਤਿਹਾਸ





ਐਬਟਸਫੋਰਡ ਡਾ ਗੁਰਵਿੰਦਰ ਸਿੰਘ):ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਸਾਹਿਬ ਸੁਸਾਇਟੀ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ 419ਵੇਂ ਪਹਿਲੇ ਪ੍ਰਕਾਸ਼ ਦਿਹਾੜੇ 'ਤੇ 3 ਸਤੰਬਰ ਦਿਨ ਐਤਵਾਰ ਨੂੰ ਨਗਰ ਕੀਰਤਨ ਸਜਾਏ ਗਏ। ਇਸ ਮੌਕੇ 'ਤੇ ਸੰਗਤਾਂ ਦੇ 2 ਲੱਖ ਤੋਂ ਵੱਧ ਇਕੱਠ ਨੇ ਨਵਾਂ ਇਤਿਹਾਸ ਸਿਰਜਿਆ।ਨਗਰ ਕੀਰਤਨ ਦੀ ਇਹ ਵੀ ਇਤਿਹਾਸਿਕ ਪ੍ਰਾਪਤੀ ਸੀ ਤਿੰਨੇ ਸਿੱਖ ਸੁਸਾਈਟੀਆਂ; ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ, ਗੁਰਦੁਆਰਾ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਭ ਤੋਂ ਪੁਰਾਣੀ ਸੁਸਾਇਟੀ ਖਾਲਸਾ ਦੀਵਾਨ ਸੁਸਾਇਟੀ, ਨੇ ਇਕੱਠਿਆਂ, ਸੰਗਤਾਂ ਦੀ ਸੇਵਾ ਵਿੱਚ ਸਾਂਝੀ ਭੂਮਿਕਾ ਨਿਭਾਈ। ਨਗਰ ਕੀਰਤਨ ਦੇ ਆਰੰਭ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਫਲੋਟ ਬੜੇ ਸਤਿਕਾਰ ਨਾਲ ਬੱਚਿਆਂ ਅਤੇ ਨੌਜਵਾਨਾਂ ਵਜੋਂ ਸਜਾਇਆ ਗਿਆ ਹੈ।ਸਿੱਖ ਮੋਟਰਸਾਈਕਲ, ਬੀ ਸੀ ਸਿੱਖ ਰਾਈਡਰਜ਼, ਖ਼ਾਲਸਾ ਸਕੂਲ ਦੇ ਬੱਚੇ ਸੇਵਾਦਾਰ ਤੇ ਦਸਮੇਸ਼ ਪੰਜਾਬੀ ਸਕੂਲ ਸਣੇ, ਵੱਖ-ਵੱਖ ਵਿੱਦਿਅਕ ਸੰਸਥਾਵਾਂ ਅਤੇ ਸੰਗਤਾਂ ਦੀ ਭਾਰੀ ਇਕੱਤਰਤਾ ਸੀ। ਨਗਰ ਕੀਰਤਨ ਦੌਰਾਨ ਸਿੱਖ ਬੱਚਿਆਂ ਅਤੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਦਿਖਾਉਂਦਿਆਂ ਸੰਗਤਾਂ ਨੂੰ ਪ੍ਰਭਾਵਿਤ ਕੀਤਾ।10 ਸਤੰਬਰ ਨੂੰ ਪੈ ਰਹੀਆਂ ਖ਼ਾਲਿਸਤਾਨ ਰੈਫਰੈਂਡਮ ਦੀਆਂ ਵੋਟਾਂ ਦੇ ਪ੍ਰਭਾਵ ਅਧੀਨ, ਨਗਰ ਕੀਰਤਨ ਵਿੱਚ ਖਾਲਸਾ ਰਾਜ ਦੀ ਪ੍ਰਾਪਤੀ ਨੂੰ ਲੈ ਕੇ ਭਾਰੀ ਬੋਲਬਾਲਾ ਰਿਹਾ। ਜਿੱਥੇ ਨਗਰ ਕੀਰਤਨ 'ਚ ਰਾਗੀਆਂ, ਢਾਡੀਆਂ ਅਤੇ ਕਥਾਵਾਚਕਾਂ ਨੇ ਹਾਜ਼ਰੀ ਲਵਾਈ, ਉਥੇ ਭੋਜਨ ਅਤੇ ਪੁਸਤਕਾਂ ਦੇ ਵੱਖ-ਵੱਖ ਸਟਾਲਾਂ ਦਾ ਵੀ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ। ਗੁਰੂ ਗ੍ਰੰਥ ਸਾਹਿਬ, ਬਾਣੀ ਗੁਰੂ, ਗੁਰੂ ਬਾਣੀ ਦੇ ਸਿਧਾਂਤ ਨੂੰ ਪ੍ਰਚਾਰਦਾ ਹੋਇਆ ਅਤੇ ਸਰਬੱਤ ਦੇ ਭਲੇ ਦਾ ਸੁਨੇਹਾ ਦਿੰਦਾ ਹੋਇਆ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।

# ਕਰਨਲ ਨਿਸ਼ਾਨ ਦਾ ਕੈਲੰਡਰ ਗਿਆਨ-1

ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਵਾਲੇ ਦਿਨ, 'ਗੁਰੂ ਲਾਧੋ ਰੇ', ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਦਿਹਾੜਾ ਮਨਾਇਆ ਜਾਂਦਾ ਹੈ।ਹਰ ਸਾਲ ਇਸ ਪਾਵਨ ਅਸਥਾਨ ਤੇ ਸਾਵਣ ਦੀ ਪੁੰਨਿਆ ਵਾਲੇ ਦਿਨ ਬਹੁਤ ਭਾਰੀ ਇਕੱਠ ਹੁੰਦਾ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਦਿਵਾਨ ਲਾਏ ਜਾਂਦੇ ਹਨ ਅਤੇ ਸਿਆਸੀ ਪਾਰਟੀਆਂ ਵੱਲੋਂ ਕਾਨਫਰੰਸਾਂ ਵੀ ਕੀਤੀਆਂ ਜਾਦੀਆਂ ਹਨ। ਸਿੱਖ ਸੰਗਤਾਂ ਵੱਲੋਂ ਇਹ ਜੋੜ ਮੇਲਾ ਬਹੁਤ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਰਵਾਇਤ ਮੁਤਾਬਕ ਇਸ ਦਿਨ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ ਬਹਾਦਰ ਜੀ ਨੂੰ, ਜੋ ਭੋਰੇ ਵਿੱਚ ਭਗਤੀ ਕਰ ਰਹੇ ਸਨ, ਪ੍ਰਗਟ ਕੀਤਾ ਸੀ। ਮੱਖਣ ਸ਼ਾਹ ਲੁਬਾਣਾ ਨਾਲ ਜੋੜੀ ਗਈ ਸਾਖੀ ਵੀ ਬੜੀ ਦਿਲਚਸਪ ਹੈ। ਕਈ ਇਤਿਹਾਸਕਾਰਾਂ ਨੇ ਇਹ ਤਾਰੀਖ 11 ਅਗਸਤ 1664 ਈ: (ਜੂਲੀਅਨ) ਲਿਖੀ ਹੈ। ਇਹ ਭਾਦੋਂ ਦੀ ਮੱਸਿਆ ਸੰਮਤ 1721 ਬਿ: ਬਣਦੀ ਹੈ। ਜੋ ਰੱਖੜ ਪੁੰਨਿਆ ਤੋਂ 15 ਦਿਨ ਪਿਛੋਂ ਆਉਂਦੀ ਹੈ। ਭੱਟ ਵਹੀ ਮੁਤਾਬਕ ਮੱਖਣ ਸ਼ਾਹ ਲੁਬਾਣਾ, "ਸਾਲ ਸਤਰਾਂ ਸੈ ਇਕਸੀ ਦਿਵਾਲੀ ਤੇ ਸ਼ਨੀਵਾਰ ਕੇ ਦਿਹੁੰ ਬਕਾਲੇ ਨਗਰ ਆਇਆ"। ਗਿਆਨੀ ਗਿਆਨ ਸਿੰਘ ਨੇ ਇਹ ਤਾਰੀਖ ਵੈਸਾਖ ਵਦੀ 13 ਸੰਮਤ 1721 ਬਿ: ਲਿਖੀ ਹੈ। ਪ੍ਰੋ: ਕਰਤਾਰ ਸਿੰਘ ਨੇ ਇਹ ਤਾਰੀਖ ਚੇਤ ਸੁਦੀ 14/23 ਚੇਤ ਸੰਮਤ 1722 ਬਿ: ਲਿਖੀ ਹੈ। ਪਰ ਅੱਜ ਸਾਡਾ ਵਿਸ਼ਾ ਇਸ ਦਿਨ ਦੇ ਇਤਿਹਾਸ ਦੀ ਪਰਖ-ਪੜਚੋਲ ਕਰਨਾ ਨਹੀਂ ਹੈ, ਸਗੋਂ ਸਾਡਾ ਵਿਸ਼ਾ ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਦੇ ਕੈਲੰਡਰ ਗਿਆਨ ਦੀ ਪਰਖ-ਪੜਚੋਲ ਕਰਨਾ ਹੈ। ਜੋ ਰੱਖੜ ਪੁੰਨਿਆ ਵਾਲੇ ਦਿਨ ਨਾਲ ਸਬੰਧਿਤ ਹੈ।

ਕਰਨਲ ਨਿਸ਼ਾਨ ਆਪਣੀ ਕਿਤਾਬ 'ਗੁਰਪੁਰਬ ਦਰਪਣ" ਵਿੱਚ ਆਪਣੇ ਸਵਾਲ-ਜਵਾਬ (ਨੰਬਰ 27) ਵਿੱਚ ਲਿਖਦੇ ਹਨ,

ਸੁਆਲ : ਜੇ ਕਰ ਕੋਈ ਗੁਰਪੁਰਬ ਮਲਮਾਸ ਵਿਚ ਆ ਜਾਏ ਤਾਂ ਕੀ ਉਹ ਗੁਰਪੁਰਬ ਨਹੀਂ ਮਣਾਇਆ ਜਾਣਾ ਚਾਹੀਦਾ ਜਾਂ ਕਿ ਇੱਕ

ਮਹੀਨਾ ਲੇਟ ਮਣਾਇਆ ਚਾਹੀਦਾ ਹੈ?

ਜੁਆਬ: ਜਿਵੇਂ ਪਹਿਲਾਂ ਕਿਹਾ ਜਾ ਚੁਕਿਆ ਹੈ ਗੁਰਸਿੱਖ ਲਈ ਕੋਈ ਮਹੀਨਾ ਮਲਮਾਸ ਜਾਂ ਗੰਦਾ ਮਹੀਨਾ ਨਹੀਂ ਸਾਰੇ ਮਹੀਨੇ ਭਲੇ ਹਨ, "ਮਾਹ ਦਿਵਸ ਮੂਰਤ ਭਲੇ..."। ਇਸ ਲਈ ਇਤਿਹਾਸ ਮੁਤਾਬਿਕ ਹੀ ਸਾਰੇ ਗੁਰਪੁਰਬ ਅਗਲੇ ਪੰਨਿਆਂ ਤੇ ਦਿੱਤੇ ਗਏ ਹਨ। ਗੁਰਪੁਰਬਾਂਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਗਿਆ ਹੈ ਨਾ ਕਿ ਮਲਮਾਸ ਨੂੰ। ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ"। (ਪੰਨਾ 35)

ਇਸ ਤੋਂ ਪਹਿਲਾ ਕਿ ਕਰਨਲ ਨਿਸ਼ਾਨ ਦੀ ਕਹਿਣੀ ਅਤੇ ਕਰਨੀ ਦੀ ਪਰਖ ਕੀਤੀ ਜਾਵੇ, ਮਲ ਮਾਸ ਨੂੰ ਸਮਝਣਾ ਬਹੁਤ ਜਰੂਰੀ ਹੈ। ਕਰਤੇ ਦੇ ਨਿਯਮ ਅਨੁਸਾਰ, ਚੰਦ ਧਰਤੀ ਦੁਵਾਲੇ ਚੱਕਰ ਲਾਉਂਦਾ ਹੈ। ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ। ਚੰਦ ਦੇ ਸਾਲ ਵਿੱਚ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਚੰਦ ਦੇ ਸਾਲ ਵਿੱਚ (29.53*12) 354.36 ਦਿਨ ਹੁੰਦੇ ਹਨ। ਇਹ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਚੰਦ ਦਾ ਸਾਲ ਸੂਰਜੀ ਸਾਲ ਨਾਲੋਂ,ਇਕ ਸਾਲ ਵਿੱਚ 11 ਦਿਨ, ਦੋ ਸਾਲ ਵਿੱਚ 22 ਦਿਨ ਅਤੇ ਤਿੰਨ ਸਾਲ ਵਿੱਚ 33 ਦਿਨ ਪਿੱਛੇ ਰਹਿ ਜਾਂਦਾ ਹੈ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ, ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿਚ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। ਅਜੇਹਾ 19 ਸਾਲਾਂ ਵਿੱਚ 7 ਵਾਰ ਕੀਤਾ ਜਾਂਦਾ ਹੈ। ਮਲ ਮਾਸ ਕਿਹੜਾ ਹੋਵੇਗਾ? ਇਸ ਦੀ ਚੋਣ ਦਾ ਢੰਗ-ਤਰੀਕਾ ਇਹ ਹੈ ਕਿ ਜਦੋਂ ਮੱਸਿਆ ਤੋਂ ਮੱਸਿਆ ਦਰਮਿਆਨ ਸੰਗਰਾਂਦ ਨਾ ਆਵੇ ਭਾਵ ਸੂਰਜ ਰਾਸ਼ੀ ਨਾ ਬਦਲੇ, ਉਹ ਮਹੀਨਾ ਦੁਵਾਰਾ ਆ ਜਾਂਦਾ ਹੈ। ਇਸ ਸਾਲ (ਸੰਮਤ 2080 ਬਿਕ੍ਰਮੀ) ਵਿੱਚ ਸਾਵਣ ਦਾ ਮਹੀਨਾ ਮਲ ਮਾਸ ਹੈ। ਉੱਤਰੀ ਭਾਰਤ ਵਿੱਚ, ਚੰਦ ਦਾ ਮਹੀਨਾ ਪੂਰਨਮੰਤਾ ਹੈ। ਇਸ ਵਿੱਚ ਵਦੀ ਪੱਖ ਪਹਿਲਾ ਆਉਂਦਾ ਹੈ ਅਤੇ ਸੁਦੀ ਪੱਖ ਪਿੱਛੋਂ। ਇਸ ਸਾਲ ਸਾਵਣ ਦਾ ਮਹੀਨਾ (ਸਾਵਣ ਵਦੀ ਏਕਮ) 4 ਜੁਲਾਈ ਨੂੰ ਆਰੰਭ ਹੋਇਆ ਸੀ। ਸਾਵਣ ਦੀ ਮੱਸਿਆ 17 ਜੁਲਾਈ ਨੂੰ ਆਈ ਸੀ। ਸਾਵਣ ਦੀ ਸੰਗਰਾਂਦ 16 ਜੁਲਾਈ ਨੂੰ ਆਈ ਸੀ। ਹੁਣ ਅਗਲੀ ਮੱਸਿਆ 16 ਅਗਸਤ ਨੂੰ ਆਈ ਸੀ। ਭਾਦੋਂ ਦੀ ਸੰਗਰਾਂਦ 17 ਅਗਸਤ ਨੂੰ ਆਈ ਸੀ। ਮੱਸਿਆ ਤੋਂ ਮੱਸਿਆ (16 ਜੁਲਾਈ ਤੋਂ 16 ਅਗਸਤ) ਦਰਮਿਆਨ ਸੰਗਰਾਂਦ ਨਾ ਆਉਣ ਕਰਕੇ ਸਾਵਣ ਦਾ ਮਹੀਨਾ ਦੁਬਾਰਾ ਆ ਗਿਆ। ਪਹਿਲੇ ਸਾਵਣ ਦਾ ਪਹਿਲਾ ਪੱਖ (ਵਦੀ ਪੱਖ) ਚੰਗਾ, ਪਹਿਲੇ ਸਾਵਣ ਦਾ ਦੂਜਾ ਪੱਖ (ਸੁਦੀ ਪੱਖ) ਮਾੜਾ, ਦੂਜੇ ਸਾਵਣ ਦਾ ਪਹਿਲਾ ਪੱਖ (ਵਦੀ ਪੱਖ) ਮਾੜਾ, ਦੂਜੇ ਸਾਵਣ ਦਾ ਦੂਜਾ ਪੱਖ (ਸੁਦੀ ਪੱਖ) ਚੰਗਾ। ਇਸ ਸਾਲ ਸਾਵਣ ਦਾ ਮਹੀਨਾ 4 ਜੁਲਾਈ ਨੂੰ ਆਰੰਭ ਹੋਇਆਂ ਸੀ, ਅਤੇ 31 ਅਗਸਤ ਨੂੰ ਖਤਮ ਹੋਇਆ ਸੀ। (59 ਦਿਨਾਂ ਦਾ ਮਹੀਨਾ) ਇਸ ਵਿੱਚ ਦੋ ਪੁੰਨਿਆ ਆਈਆਂ ਸਨ। ਪਹਿਲੀ ਪੁੰਨਿਆ 1 ਅਗਸਤ ਨੂੰ ਆਈ ਸੀ ਇਹ ਮਲਮਾਸ ਸੀ, ਅਤੇ ਦੂਜੀ ਪੁੰਨਿਆ 31 ਅਗਸਤ ਨੂੰ ਆਈ ਸੀ ਇਹ ਸ਼ੁਭ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਵਿੱਚ ਵੀ 'ਜੋੜ ਮੇਲਾ ਬਾਬਾ ਬਕਾਲਾ' 15 ਭਾਦੋਂ (31 ਅਗਸਤ) ਦਾ ਹੀ ਦਰਜ ਹੈ।

ਕਰਨਲ ਨਿਸ਼ਾਨ ਵੱਲੋਂ ਆਪਣੀ ਕਿਤਾਬ ਵਿੱਚ


27) ਸੁਆਲ: ਜੇ ਕਰ ਕੋਈ ਗੁਰਪੁਰਬ ਮਲਮਾਸ ਵਿਚ ਆ ਜਾਏ ਤਾਂ ਕੀ ਉਹ ਗੁਰਪੁਰਬ ਨਹੀਂ ਮਣਾਇਆ ਜਾਣਾ ਚਾਹੀਦਾ ਜਾਂ ਕਿ ਇੱਕ ਮਹੀਨਾ ਲੇਟ ਮਣਾਇਆ ਚਾਹੀਦਾ ਹੈ?

**ਜੁਆਬ:** ਜਿਵੇਂ ਪਹਿਲਾਂ ਕਿਹਾ ਜਾ ਚੁਕਿਆ ਹੈ ਗੁਰਸਿੱਖ ਲਈ ਕੋਈ ਮਹੀਨਾ ਮਲਮਾਸ ਜਾਂ ਗੰਦਾ ਮਹੀਨਾ ਨਹੀਂ ਸਾਰੇ ਮਹੀਨੇ ਭਲੇ ਹਨ, "ਮਾਹ ਦਿਵਸ ਮੂਰਤ ਭਲੇ....."। ਇਸ ਲਈ ਇਤਿਹਾਸ ਮੁਤਾਬਿਕ ਹੀ ਸਾਰੇ ਗੁਰਪੁਰਬ ਅਗਲੇ ਪੰਨਿਆਂ ਤੇ ਦਿੱਤੇ ਗਏ ਹਨ। ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਹੈ ਨਾ ਕਿ ਮਲ ਮਾਸ ਨੂੰ। ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ।

"ਮੇਲਾ ਬਾਬਾ ਬਕਾਲਾ (ਰੱਖੜ ਪੁੰਨਿਆ) ਸਾਵਣ ਸੁਦੀ ਪੂਰਨਮਾਸ਼ੀ" ਦੇ ਸਿਰਲੇਖ ਹੇਠ 86 ਸਾਲਾਂ ਦੀਆਂ ਤਾਰੀਖਾਂ (2015 ਈ: ਤੋਂ 2100 ਈ:) ਦਿੱਤੀਆਂ ਹੋਈਆਂ ਹਨ। (ਪੰਨਾ 78) ਇਸ ਸਾਲ ਦੀ ਤਾਰੀਖ 31 ਅਗਸਤ 2023 ਈ: ਦਿਨ ਵੀਰਵਾਰ ਦਰਜ ਹੈ। ਇਹ ਤਾਰੀਖ ਦੂਜੇ ਸਾਵਣ ਦੇ ਸ਼ੁਧ ਸੁਦੀ ਪੱਖ ਵਿੱਚ ਆਈ ਪੁੰਨਿਆ ਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਕਰਨਲ ਨਿਸ਼ਾਨ ਨੇ ਵੀ ਤਾਰੀਖਾਂ ਦਰਜ ਕਰਨ ਵੇਲੇ ਮਲਮਾਸ ਦਾ ਖਿਆਲ ਰੱਖਿਆ ਹੈ। ਜੋ ਕਿ ਬਿਕ੍ਰਮੀ ਕੈਲੰਡਰ ਮੁਤਾਬਕ ਤਕਨੀਕੀ ਤੌਰ ਤੇ ਠੀਕ ਹੈ ਪਰ, ਉਨ੍ਹਾਂ ਦੇ ਆਪਣੇ ਲਿਖੇ ਦੇ ਉਲਟ, "ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਗਿਆ ਹੈ ਨਾ ਕਿ ਮਲਮਾਸ ਨੂੰ"।

ਇਥੇ ਹੀ ਵੱਸ ਨਹੀਂ, ਚਲੋ ਮੰਨਿਆ ਕਿ ਕਿਤੇ ਕੋਈ ਗਲਤੀ ਲੱਗ ਸਕਦੀ ਹੈ। ਪਰ ਜੇ ਹਰ ਵਾਰ ਉਹੀ ਗਲਤੀ ਦੁਹਰਾਈ ਜਾਵੇ ਤਾਂ ਸੋਚਣਾ ਬਣਦਾ ਹੈ। 21ਵੀਂ ਸਦੀ ਵਿੱਚ ਦ੍ਰਿਕਗਿਣਤ ਸਿਧਾਂਤ ਮੁਤਾਬਕ ਕੁਲ 7 ਵਾਰ, ਸਾਵਣ ਦਾ ਮਹੀਨਾ ਦੋ ਵਾਰ ਆਵੇਗਾ। ਜਦੋਂ ਕਰਨਲ ਨਿਸ਼ਾਨ ਦੀਆਂ ਸਾਰੀਆਂ ਤਾਰੀਖਾਂ ਦੀ ਪੜਤਾਲ ਕੀਤੀ ਗਈ ਤਾਂ ਹਰ ਵਾਰ ਉਨ੍ਹਾਂ ਨੇ ਮਲਮਾਸ ਦੇ ਭਰਮ ਵਿੱਚ 'ਮੇਲਾ ਬਾਬਾ

ਬਕਾਲਾ' ਦੂਜੀ ਪੁੰਨਿਆ ਭਾਵ ਸ਼ੁਧ ਪੁੰਨਿਆ ਦਾ ਹੀ ਦਰਜ ਕੀਤਾ ਹੈ। ਜਦੋਂ ਕਿ ਆਪ ਹੀ ਲਿਖਦੇ ਹਨ, "ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ



ਭੁਲੇਖੇ ਕਾਰਨ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ"।

ਹੁਣ 2042 ਈ: ਵਿੱਚ ਸਾਵਣ ਦਾ ਮਹੀਨਾ ਦੋ ਵਾਰ ਆਵੇਗਾ। ਇਸ ਵਿੱਚ ਦੋ ☞





ਦੇਗ ਤੇਗ ਫ਼ਤਿਹ

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

www.akalisinghgurdwara.ca

7 ਸਤੰਬਰ, ਦਿਨ ਵੀਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
8 ਸਤੰਬਰ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
9 ਸਤੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
9 ਸਤੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਇਕ ਨੰਬਰ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਮਨਜੀਤ ਸਿੰਘ ਔਜਲਾ ਅਤੇ ਪਰਿਵਾਰ ਵਲੋਂ ਹੋਵੇਗੀ।
9 ਸਤੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਹਰਜੀਤ ਸਿੰਘ ਸੱਗੂ ਅਤੇ ਪਰਿਵਾਰ ਵਲੋਂ ਹੋਵੇਗੀ।
10 ਸਤੰਬਰ, ਦਿਨ ਐਤਵਾਰ.....ਸਵੇਰੇ 8:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
10 ਸਤੰਬਰ, ਦਿਨ ਐਤਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਹਰਜਿੰਦਰ ਕੌਰ ਪਰਮਾਰ ਅਤੇ ਪਰਿਵਾਰ ਵਲੋਂ ਹੋਵੇਗੀ।
14 ਸਤੰਬਰ, ਦਿਨ ਵੀਰਵਾਰ.....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
15 ਸਤੰਬਰ, ਦਿਨ ਸ਼ੁੱਕਰਵਾਰ....ਅੱਸੂ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਹੈ।
15 ਸਤੰਬਰ, ਦਿਨ ਸ਼ੁੱਕਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
16 ਸਤੰਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
16 ਸਤੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਬੀਬੀ ਬਲਜੀਤ ਕੌਰ ਚਾਨਾ ਅਤੇ ਪਰਿਵਾਰ ਵਲੋਂ ਹੋਵੇਗੀ।
16 ਸਤੰਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਭਾਈ ਬਲਵੀਰ ਸਿੰਘ ਨਿੱਝਰ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਨਜਾਇਜ਼ ਵਿਆਹ ਵਿਚ ਪੈਦਾ ਹੋਈ ਔਲਾਦ ਜਾਇਜ਼:ਸੁਪਰੀਮ ਕੋਰਟ

ਨਵੀਂ ਦਿੱਲੀ, ਸੁਪਰੀਮ ਕੋਰਟ ਨੇ ਕਿਹਾ ਕਿ ਨਜਾਇਜ਼ ਵਿਆਹ ਤੋਂ ਪੈਦਾ ਹੋਏ ਕਿਸੇ ਵੀ ਬੱਚੇ ਨੂੰ ਆਪਣੇ ਮਾਤਾ-ਪਿਤਾ ਦੀ ਅਰਜਿਤ ਕੀਤੀ ਅਤੇ ਜੱਦੀ ਜਾਇਦਾਦ 'ਤੇ ਅਧਿਕਾਰ ਹੋਵੇਗਾ। ਅਜਿਹੇ ਵਿੱਚ ਧੀਆਂ ਦਾ ਵੀ ਜਾਇਦਾਦ ਵਿੱਚ ਬਰਾਬਰ ਦਾ ਹੱਕ ਹੋਵੇਗਾ।ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਨਜਾਇਜ਼ ਵਿਆਹ ਤੋਂ ਪੈਦਾ ਹੋਏ ਬੱਚੇ ਜਾਇਜ਼ ਹਨ। ਉਨ੍ਹਾਂ ਦਾ ਆਪਣੇ ਮਾਤਾ-ਪਿਤਾ ਦੀ ਸੰਪੱਤੀ 'ਤੇ ਉਹੀ ਹੱਕ ਹੈ ਜਿੰਨੇ ਇੱਕ ਜਾਇਜ਼ ਵਿਆਹ ਵਿੱਚ ਇੱਕ ਜੋੜੇ ਦੇ ਬੱਚੇ ਦੇ ਹੁੰਦੇ ਹਨ।ਹਿੰਦੂ ਮੈਰਿਜ ਐਕਟ, 1955 ਤਹਿਤ, ਇੱਕ ਵਿਆਹ ਨੂੰ ਦੋ ਅਧਾਰਾਂ 'ਤੇ ਅਵੈਧ ਮੰਨਿਆ ਜਾਂਦਾ ਹੈ। ਇੱਕ ਵਿਆਹ ਦੇ ਦਿਨ ਤੋਂ ਅਤੇ ਦੂਜਾ ਜੇਕਰ ਅਦਾਲਤ ਇੱਕ ਫ਼ਰਮਾਨ ਦੇ ਕੇ ਇਸਨੂੰ ਅਵੈਧ ਘੋਸ਼ਿਤ ਕਰ ਦਿੰਦੀ ਹੈ।ਹਿੰਦੂ ਉੱਤਰਾਧਿਕਾਰੀ ਕਾਨੂੰਨ ਦੇ ਆਧਾਰ 'ਤੇ, ਅਵੈਧ ਵਿਆਹਾਂ ਵਿੱਚ ਪੈਦਾ ਹੋਏ ਬੱਚੇ ਆਪਣੇ ਮਾਪਿਆਂ ਦੀ ਜਾਇਦਾਦ ਦਾ ਦਾਅਵਾ ਕਰ ਸਕਦੇ ਹਨ।ਹਾਲਾਂਕਿ ਅਦਾਲਤ ਨੇ ਇਹ ਵੀ ਕਿਹਾ ਕਿ ਉਸਦਾ ਫੈਸਲਾ ਹਿੰਦੂ ਮਿਤਾਕਸ਼ਰਾ ਕਾਨੂੰਨ ਦੇ ਤਹਿਤ ਸੰਯੁਕਤ ਹਿੰਦੂ ਪਰਿਵਾਰ ਦੀਆਂ ਜਾਇਦਾਦਾਂ 'ਤੇ ਹੀ ਲਾਗੂ ਹੋਵੇਗਾ।ਸੁਪਰੀਮ ਕੋਰਟ ਨੇ ਇਹ ਫੈਸਲਾ 2011 ਵਿਚ ਦਾਇਰ ਇੱਕ ਪਟੀਸ਼ਨ 'ਤੇ ਦਿੱਤਾ, ਜਿਸ ਵਿੱਚ ਹਿੰਦੂ ਮੈਰਿਜ ਐਕਟ, ਸੈਕਸ਼ਨ 16(3) ਨੂੰ ਚੁਣੌਤੀ ਦਿੱਤੀ ਗਈ ਸੀ।ਇਸ ਐਕਟ ਤਹਿਤ ਗ਼ੈਰ-ਕਾਨੂੰਨੀ ਵਿਆਹ ਤੋਂ ਪੈਦਾ ਹੋਏ ਬੱਚੇ ਸਿਰਫ਼ ਆਪਣੇ ਮਾਪਿਆਂ ਦੀ ਜਾਇਦਾਦ ਦੇ ਹੱਕਦਾਰ ਹਨ।

---

ਪੁੰਨਿਆ ਹੋਣਗੀਆਂ। ਪਹਿਲੀ ਪੁੰਨਿਆ 1 ਅਗਸਤ ਦਿਨ ਸ਼ੁੱਕਰਵਾਰ ਨੂੰ ਆਵੇਗੀ ਜੋ ਅਸ਼ੁਭ ਹੋਵੇਗੀ ਅਤੇ ਦੂਜੀ 31 ਅਗਸਤ ਨੂੰ ਦਿਨ ਐਤਵਾਰ ਨੂੰ ਆਵੇਗੀ ਜੋ ਸ਼ੁਭ ਹੋਵੇਗੀ। ਨੱਥੀ ਕੀਤੇ ਪੰਨੇ (78) ਦੀ ਫ਼ੋਟੋ ਨੂੰ ਵੇਖੋ। 31/8/2042 ਈ: ਦਿਨ ਐਤਵਾਰ ਦਰਜ ਹੈ। ਇਸ ਤੋਂ ਅੱਗੇ 2061 ਈ:, 2069 ਈ:, 2080 ਈ:, 2088 ਈ: ਅਤੇ 2099 ਈ: ਵਿੱਚ ਸਾਵਣ ਦੋ ਵਾਰ ਆਵੇਗਾ। ਇਨ੍ਹਾਂ ਸਾਲਾਂ ਦੀ ਪੜਤਾਲ ਕਰਨ ਤੇ ਵੇਖਿਆ ਗਿਆ ਹੈ ਕਿ ਹਰ ਸਾਲ 'ਮੇਲਾ ਬਾਬਾ ਬਕਾਲਾ' ਸ਼ੁਭ-ਅਸ਼ੁਭ ਦਾ ਪੂਰਾ ਖਿਆਲ ਰੱਖ ਕੇ, ਸ਼ੁਭ ਪੁੰਨਿਆ ਦਾ ਹੀ ਦਰਜ ਕੀਤਾ ਗਿਆ ਹੈ। ਜਦੋਂ ਕਿ ਆਪ ਹੀ ਲਿਖਦੇ ਹਨ, "ਜਿਵੇਂ ਪਹਿਲਾਂ ਕਿਹਾ ਜਾ ਚੁਕਿਆ ਹੈ ਗੁਰਸਿੱਖ ਲਈ ਕੋਈ ਮਹੀਨਾ ਮਲਮਾਸ ਜਾਂ ਗੰਦਾ ਮਹੀਨਾ ਨਹੀਂ ਸਾਰੇ ਮਹੀਨੇ ਭਲੇ ਹਨ, "ਮਾਹ ਦਿਵਸ ਮੂਰਤ ਭਲੇ..."। ਇਸ ਲਈ ਇਤਿਹਾਸ ਮੁਤਾਬਿਕ ਹੀ ਸਾਰੇ ਗੁਰਪੁਰਬ ਅਗਲੇ ਪੰਨਿਆਂ ਤੇ ਦਿੱਤੇ ਗਏ ਹਨ।

ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਗਿਆ ਹੈ ਨਾ ਕਿ ਮਲਮਾਸ ਨੂੰ। ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ" (ਪੰਨਾ 35)

ਆਓ ਹੁਣ ਕਰਨਲ ਨਿਸ਼ਾਨ ਵੱਲੋਂ ਨਕਲ ਮਾਰ ਕੇ ਲਿਖੀਆਂ ਗਈਆਂ ਤਾਰੀਖਾਂ ਦੀ ਪੜਤਾਲ ਕਰੀਏ।

ਕਰਨਲ ਨਿਸ਼ਾਨ ਮੁਤਾਬਕ ਸੰਮਤ 2086 ਬਿਕ੍ਰਮੀ ਵਿੱਚ ਸਾਵਣ ਦੀ ਪੁੰਨਿਆ 23 ਅਗਸਤ 2029 ਈ: ਨੂੰ ਆਵੇਗੀ। 23 ਅਗਸਤ ਦਿਨ ਵੀਰਵਾਰ ਨੂੰ ਪੁੰਨਿਆ, ਸੂਰਜੀ ਸਿਧਾਂਤ ਮੁਤਾਬਕ ਆਵੇਗੀ। ਜਦੋਂ ਕਿ ਆਪਣੇ ਖਿੱਤੇ ਵਿੱਚ ਨਵੰਬਰ 1964 ਈ: ਦੀ ਸੋਧ ਤੋਂ ਪਿਛੋਂ ਦ੍ਰਿਕਗਿਣਤ ਸਿਧਾਂਤ ਲਾਗੂ ਹੈ। ਜਿਸ ਮੁਤਾਬਕ ਸਾਵਣ ਦੀ ਪੁੰਨਿਆ 24 ਅਗਸਤ ਦਿਨ ਸ਼ੁੱਕਰਵਾਰ ਨੂੰ ਆਵੇਗੀ। ਇਥੇ ਹੀ ਵੱਸ ਨਹੀਂ, 1/9/2050 ਦਿਨ ਵੀਰਵਾਰ ਨੂੰ ਧਿਆਨ ਨਾਲ ਵੇਖੋ। ਸੂਰਜੀ ਸਿਧਾਂਤ ਮੁਤਾਬਕ ਸੰਮਤ 2107 ਬਿਕ੍ਰਮੀ ਵਿੱਚ ਸਾਵਣ ਦਾ ਮਹੀਨਾ ਮਲਮਾਸ ਹੋਵੇਗਾ। ਇਸ ਸਾਲ ਸਾਵਣ ਦੀਆਂ ਦੋ ਪੁੰਨਿਆ ਹੋਣਗੀਆਂ। ਪਹਿਲੀ 3 ਅਗਸਤ ਨੂੰ (ਅਸ਼ੁਭ) ਅਤੇ ਦੂਜੀ 1 ਸਤੰਬਰ ਨੂੰ (ਸ਼ੁਭ)। ਇਥੇ ਵੀ ਕਰਨਲ ਨਿਸ਼ਾਨ ਨੇ ਸ਼ੁਭ-ਅਸ਼ੁਭ ਦਾ ਪੂਰਾ ਖਿਆਲ ਰੱਖ ਕੇ, ਸਾਵਣ ਦੀ ਦੂਜੀ ਪੁੰਨਿਆ ਭਾਵ 1/9/2050 ਦੀ ਰੱਖੜ ਪੁੰਨਿਆ ਦਰਜ ਕੀਤੀ ਹੈ। ਪਰ ਦ੍ਰਿਕਗਿਣਤ ਸਿਧਾਂਤ ਮੁਤਾਬਕ ਸਾਵਣ ਦਾ ਮਹੀਨ ਮਲ ਮਾਸ ਹੈ ਹੀ ਨਹੀਂ। ਦ੍ਰਿਕਗਿਣਤ ਸਿਧਾਂਤ ਮੁਤਾਬਕ ਤਾਂ ਭਾਦੋਂ ਦਾ ਮਹੀਨਾ ਮਲਮਾਸ ਹੈ। ਦ੍ਰਿਕਗਿਣਤ ਸਿਧਾਂਤ ਸੰਮਤ 2107 ਬਿ: ਵਿੱਚ ਤਾਂ ਰੱਖੜ ਪੁੰਨਿਆ 3/8/2050 ਦਿਨ ਬੁੱਧਵਾਰ ਨੂੰ ਆਵੇਗੀ। ਕਰਨਲ ਨਿਸ਼ਾਨ ਦੀ ਇਹ ਤਾਰੀਖ ਵੀ ਇਕ ਮਹੀਨੇ ਦੇ ਫਰਕ ਨਾਲ ਗਲਤ ਹੈ।ਇਥੇ ਇਹ ਗੱਲ ਵੀ ਸਪੱਸ਼ਟ ਹੋ ਗਈ ਹੈ ਕਿ ਕਰਨਲ ਨਿਸ਼ਾਨ ਨੇ ਇਹ ਤਾਰੀਖਾਂ "Calendircal `Tabulaitons 1900-2200"

ਵਿੱਚੋਂ ਨਕਲ ਕੀਤੀਆਂ ਹਨ। ਇਸ ਕਿਤਾਬ ਦੀ ਸਾਰੀ ਗਣਿਤ ਸੂਰਜੀ ਸਿਧਾਂਤ ਮੁਤਾਬਕ ਹੈ। "For the Hindu Luner calendars, we follow the rules of Surya-Siddhanta". (xxiv) ਇਸ ਕਿਤਾਬ ਬਾਰੇ ਜੁਲਾਈ 2018 ਈ: ਦੇ ਆਖਰੀ ਹਫ਼ਤੇ ਵੈਨਕੂਵਰ ਵਿਖੇ Canadian Sikh Study and Teacihng Soicety ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ, ਇਕ ਸਵਾਲ ਦੇ ਜਵਾਬ ਵਿੱਚ ਕਰਨਲ ਨਿਸ਼ਾਨ ਨੇ ਕਿਹਾ ਸੀ, "ਮੈਂ ਹਾਲੇ ਤੱਕ ਇਹ ਕਿਤਾਬ ਨਹੀਂ ਵੇਖੀ"।



ਇਹ ਹੈ ਨਾਨਕਸ਼ਾਹੀ ਕੈਲੰਡਰ ਦੇ ਕੱਟੜ ਵਿਰੋਧੀ ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀ ਕੈਲੰਡਰ ਸਬੰਧੀ ਅਗਿਆਨਤਾ ਅਤੇ ਕਹਿਣੀ-ਕਰਨੀ ਦੇ ਫਰਕ ਦਾ ਸਬੂਤ। ਆਪ ਹੀ ਸਵਾਲ ਕਰਕੇ, ਆਪ ਹੀ ਜਵਾਬ ਦੇਣਾ, ਉਹ ਵੀ 100% ਗਲਤ! **... ਚਲਦਾ।**

**ਸਰਵਜੀਤ ਸਿੰਘ ਸੈਕਰਾਮੈਂਟੋ**

# ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਡੀਨ ਸਾਇੰਸਜ਼ ਡਾ. ਭਜਨ ਸਿੰਘ ਲਾਰਕ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



ਅੰਮ੍ਰਿਤਸਰ:ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਡੀਨ ਸਾਇੰਸਜ਼ ਅਤੇ ਸਾਬਕਾ ਮੁੱਖੀ ਰਸਾਇਣਕ ਵਿਗਿਆਨ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਮੋਢੀਆਂ ਵਿੱਚੋਂ ਡਾ. ਭਜਨ ਸਿੰਘ ਲਾਰਕ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੰਚ ਦੇ ਸਰਪ੍ਰਸਤ ਪ੍ਰੋ. ਮੋਹਨ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਨ ਸਿੰਘ ਬਰਾੜ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਹਰਦੀਪ ਸਿੰਘ ਚਾਹਲ ,ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ, ਜਨਰਲ ਸਕੱਤਰ ਸੁਰਿੰਦਰਜੀਤ ਸਿੰਘ ਤੇ ਸਮੂਹ ਮੈਂਬਰਾਨ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਡਾ. ਲਾਰਕ ਜਿੱਥੇ ਇੱਕ ਅੰਤਰ-ਰਾਸ਼ਟਰੀ ਪੱਧਰ ਦੇ ਮੰਨੇ ਪ੍ਰਮੰਨੇ ਵਿਗਿਆਨੀ ਸਨ, ਉੱਥੇ ਅੰਗਰੇਜ਼ੀ ਤੇ ਪੰਜਾਬੀ ਦੇ ਨਾਮਵਰ ਲੇਖਕਾਂ ਵਿੱਚ ਵੀ ਉਨ੍ਹਾਂ ਦਾ ਨਾਂ ਸ਼ਾਮਲ ਸੀ। ਉਨ੍ਹਾਂ ਦੀ ਅਗਵਾਈ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਪੀਐਚ.ਡੀ, ਐਮ.ਐਸਸੀ. ਆਨਰਜ਼ ਅਤੇ ਐਮ.ਫ਼ਿਓਮਪ;ਲ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੇ 20 ਦੇ ਕਰੀਬ ਫਿਜ਼ੀਕਲ ਕੈਮਿਸਟਰੀ ਦੀਆਂ ਵੱਖ ਵੱਖ ਯੂਨੀਸਰਸਿਟੀਆਂ ਦੇ ਬੀ.ਐਸ.ਸੀ ਦੇ ਵਿਦਿਆਰਥੀਆਂ ਦੇ ਲਈ ਪਾਠ ਪੁਸਤਕਾਂ ਲਿਖੀਆਂ।ਉਨ੍ਹਾਂ ਦੇ100 ਤੋਂ ਵੱਧ ਖ਼ੋਜ਼ ਪੱਤਰ ਪ੍ਰਕਾਸ਼ਿਤ ਹੋਇ। ਉਨ੍ਹਾਂ ਨੇ ਪੰਜਾਬੀ ਵਿੱਚ ਬਾਰਾਮਾਂਹ, ਯਾਦਾਂਜਲੀ, ਪਵਨ ਸੰਦੇਸ਼ਾ, ਆਓ ਪੜ੍ਹੀਏ ਗਾਈਏ, ਪ੍ਰੈਕਟੀਕਲ ਕੈਮਿਸਟਰੀ, ਬਾਇਡਾਇਵਰਸਿਟੀ, ਆਵਾਜ਼ ਪ੍ਰਦੂਸ਼ਣ ਲਿਖੀਆਂ। ਜਪੁਜੀ ਦਾ ਸਾਧਾਰਨ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ। ਫਰੌਗੀਜ਼ ਇਨ ਵੈਲ (ਅੰਗਰੇਜ਼ੀ ਤੇ ਪੰਜਾਬੀ) ਵਿੱਚ, ਪ੍ਰਦੂਸ਼ਣ ਪ੍ਰਾਈਮਰ(ਅੰਗਰੇਜ਼ੀ ਤੇ ਪੰਜਾਬੀ )ਵਿੱਚ। ਉਨ੍ਹਾਂ ਨੇ ਅੰਗਰੇਜ਼ੀ ਵਿੱਚ ਆਪਣੀ ਜੀਵਨੀ ਮੈਮਰੀਜ਼ ਐਂਡ ਡਰੀਮਜ਼ ਆਫ਼ਓਮਪ; ਲਾਇਫ਼ਓਮਪ; ਲਿੱਖੀ। ਅੰਗਰਜ਼ੀ ਵਿੱਚ ਗਰੇਅ ਮੈਟਰ, ਦਾ ਰੇਨਬੋਅ ਅਤੇ ਗੁਡ ਫਰਾਇੰਡਜ਼ ਲਿਖੀਆਂ। ਉਨ੍ਹਾਂ ਦੇ 7 ਖ਼ਰੜੇ ਅਣਛੱਪੇ ਪਏ ਹਨ। ਉਹ ਇੰਡੀਅਨ ਕੈਮੀਕਲ ਸੁਸਾਇਟੀ ਦੇ ਜੀਵਨ ਮੈਂਬਰ, ਇੰਡੀਅਨ ਨੈਸ਼ਨਲ ਅਕੈਡਮੀ ਆਫ਼ਓਮਪ; ਸਾਇੰਸ, ਇੰਡੀਅਨ ਕੌਂਸਲ ਆਫ਼ਓਮਪ; ਕੈਮਿਸਟਸ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਜੀਵਨ ਮੈਂਬਰ ਸਨ।ਉਨ੍ਹਾਂ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫ਼ਓਮਪ;ਰੰਸਾਂ ਵਿੱਚ ਭਾਗ ਲਿਆ। ਉਨ੍ਹਾਂ ਨੂੰ 1971 ਵਿੱਚ ਵਿਗਿਆਨਕ ਲਿਖਤਾਂ ਲ਼ਿਖਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਨਮਾਨਿਤ ਕੀਤਾ ਗਿਆ।2009 ਵਿੱਚ ਉਨ੍ਹਾਂ ਨੂੰ ਡਾ. ਗੁਰਦਿਆਲ ਸਿੰਘ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਜਿੱਥੋਂ ਤੀਕ ਉਨ੍ਹਾਂ ਦੀ ਵਿਦਿਆ ਦਾ ਸੰਬੰਧ ਹੈ। ਉਨ੍ਹਾਂ ਨੇ ਮੁਢਲੀ ਸਿੱਖਿਆ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਸੀਨੀਅਰ ਸਕੈਡੰਰੀ ਸਕੂਲ ਅੰਮ੍ਰਿਤਸਰ ਤੋਂ ਲਈ । ਉਨ੍ਹਾਂ ਬੀ. ਐਸ.ਸੀ ਖਾਲਸਾ ਕਾਲਜ ਅੰਮ੍ਰਿਤਸਰ, ਐਮ.ਐਸ.ਸੀ ਤੇ ਪੀ ਐਚ ਡੀ ਕੈਮਿਸਟਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ 1972-1979 ਤੀਕ ਬਤੌਰ ਲੈਕਚਰਾਰ 1979-87 ਤੀਕ ਬਤੌਰ ਰੀਡਰ ਅਤੇ 1987-2001 ਪ੍ਰੋਫੈਸਰ ,ਮੁੱਖੀ ਰਸਾਇਣਕ ਵਿਭਾਗ ਤੇ ਡੀਨ ਸਾਇੰਸਜ਼ ਸੇਵਾਵਾਂ ਨਿਭਾਈਆਂ।ਉਹ 1971-72 ਵਿੱਚ ਇਕ ਸਾਲ ਨਾਰਵੇ ਵਿੱਚ ਬਤੌਰ ਐਨ ਓ ਆਰ ਏ ਡੀ ਫ਼ਓਮਪੈ;ਲੋ ਰਹੇ।ਉਹ 1975-76 ਵਿੱਚ ਬਤੌਰ ਯੂਨੈਸਕੋ ਫੈਲੋ ਜਪਾਨ ਗਏ।

ਅੱਜ ਕੱਲ ਉਹ ਆਪਣੇ ਬੇਟੇ ਹਰਿੰਦਰਜੀਤ ਸਿੰਘ ਪਾਸ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿੱਚ ਰਹਿੰਦੇ ਸਨ। ਉਹ 29 ਅਗਸਤ 2023 ਨੂੰ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਏ। ਉਹ ਆਪਣੇ ਪਿੱਛੇ ਇੱਕ ਬੇਟਾ ਹਰਿੰਦਰਜੀਤ ਸਿੰਘ ਤੇ ਇੱਕ ਬੇਟੀ ਡਾ. ਅਨੁਪ੍ਰੀਤ ਕੌਰ ਜੋ ਕਿ ਅਮਰੀਕਾ ਰਹਿੰਦੇ ਛੱਡ ਗਏ। ਉਨ੍ਹਾਂ ਦੀ ਯਾਦ ਵਿੱਚ ਭੋਗ ਤੇ ਅੰਤਿਮ ਅਰਦਾਸ ਆਸਟਰੇਲੀਆ ਵਿਖੇ ਉਨ੍ਹਾਂ ਦੇ ਘਰ ਵਿੱਚ 3 ਸਤੰਬਰ ਨੂੰ ਹੋਵੇਗੀ।ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਵਿਦਿਅਕ ਤੇ ਸਾਹਿਤਕ ਕਾਰਜਾਂ ਕਰਕੇ ਉਨ੍ਹਾਂ ਦਾ ਨਾਂ ਹਮੇਸ਼ਾ ਕਾਇਮ ਰਹੇਗਾ।


**ਜਾਰੀ ਕਰਤਾ:ਡਾ. ਚਰਨਜੀਤ ਸਿੰਘ ਗੁਮਟਾਲਾ**
**(ਵਟਸ ਐਪ 91-9417533060,**
**ਅਮਰੀਕਾ 001-9375739812)**


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ
ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ ਅਤੇ 2 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਨਗਰ ਜੰਨਤਪੁਰ ਜ਼ਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ 2. ਭਾਈ ਚਰਨ ਸਿੰਘ ਰਾਏ ਪਰਿਵਾਰ ਵੱਲੋਂ ਬੀਬੀ ਇੰਦਰਜੀਤ ਕੌਰ ਰਾਏ ਦੀ ਯਾਦ ਵਿਚ ਇਹ ਦੋਨੋਂ ਅਖੰਡਪਾਠ ਸਾਹਿਬ 8 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ 10 ਸਤੰਬਰ ਦਿਨ ਐਤਵਾਰ ਸਵੇਰੇ 9.30 ਵਜੇ ਭੋਗ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*8 ਸਤੰਬਰ ਦਿਨ ਸ਼ੁੱਕਰਵਾਰ ਦੁਪਹਿਰ 1 ਵਜੇ ਬੀਬੀ ਆਸਮੀਨ ਕੌਰ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ।ਉਪਰੰਤ ਬਾਦ ਦੁਪਹਿਰ 2.30 ਵਜੇ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
*8 ਸਤੰਬਰ ਦਿਨ ਸ਼ੁੱਕਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜੈਲ ਸਿੰਘ ਪਰਿਵਾਰ ਵੱਲੋਂ ਹੋਵੇਗੀ।
*9 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ 11 ਵਜੇ ਸੱਜਨ ਸਿੰਘ ਸਹੋਤਾ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*9 ਸਤੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਲਖਵੀਰ ਸਿੰਘ ਪਰਿਵਾਰ ਵੱਲੋਂ ਹੋਵੇਗੀ।
*10 ਸਤੰਬਰ ਦਿਨ ਐਤਵਾਰ ਸਵੇਰੇ ਬੀਬੀ ਰਾਜਨਪ੍ਰੀਤ ਕੌਰ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ , ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*10 ਸਤੰਬਰ ਦਿਨ ਐਤਵਾਰ ਸਵੇਰੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸੁਚੇਤ ਸਿੰਘ ਔਜਲਾ ਪਰਿਵਾਰ ਵੱਲੋਂ ਹੋਵੇਗੀ।
*10 ਸਤੰਬਰ ਦਿਨ ਐਤਵਾਰ ਦੁਪਹਿਰ 12.30 ਵਜੇ ਸਵ. ਭਾਈ ਹਰਪਵਿੱਤਰ ਸਿੰਘ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਅੰਤਮ ਸਸਕਾਰ ਹੋਵੇਗਾ।ਉਪਰੰਤ ਬਾਦ ਦੁਪਹਿਰ 2.30 ਵਜੇ ਗੁਰੂਘਰ ਵਿਖੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
*10 ਸਤੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਮੀਤ ਸਿੰਘ ਸਿੱਧੂ ਪਰਿਵਾਰ ਵੱਲੋਂ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਜਸਵਿੰਦਰ ਸਿੰਘ ਬਡਰੁੱਖਾਂ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

ਸੰਜੀਵ ਭੱਟ ਫਰਵਰੀ ਦੋ ਹਜਾਰ ਦੋ ਨੂੰ ਗੁਜਰਾਤ ਅਹਿਮਦਾਬਾਦ ਡੀ.ਆਈ.ਜੀ ਵਜੋਂ ਤਾਇਨਾਤ ਸੀ..!

ਉੱਪਰੋਂ ਹੁਕਮ ਆ ਗਿਆ ਕੇ ਇੱਕ ਖਾਸ ਫਿਰਕੇ ਦੇ ਬਾਸ਼ਿੰਦਿਆਂ ਨੂੰ ਇੱਕ ਖਾਸ ਕਾਰੇ ਕਰਕੇ ਬੰਦੇ ਦਾ ਪੁੱਤ ਬਣਾਉਣਾ..ਪੁਲਸ ਛੱਤੀ ਘੰਟੇ ਦੰਗਾ ਕਾਰੀਆਂ ਨੂੰ ਕਿਸੇ ਗਲੋਂ ਰੋਕੇ ਟੋਕੇ ਨੇ..!

ਬਾਕੀ ਦੇ ਛੇ ਅਫਸਰ ਤਾਂ ਮੰਨ ਗਏ ਪਰ ਇਹ ਅੱਗਿਓਂ ਅੜ੍ਹ ਗਿਆ..ਅਖ਼ੇ ਮੈਨੂੰ ਆਈ.ਪੀ.ਐੱਸ ਦੀ ਟਰੇਨਿੰਗ ਵੇਲੇ ਦੱਸਿਆ ਗਿਆ ਸੀ ਕੇ ਕਨੂੰਨ ਸਾਮਣੇ ਸਭ ਬਰੋਬਰ ਨੇ..ਸੋ ਜਿਹੜਾ ਵੀ ਇਸਨੂੰ ਤੋੜੂ ਉਸਦੀ ਖੈਰ ਨਹੀਂ..ਬਾਕੀ ਥਾਵਾਂ ਤੇ ਵੱਡੀ ਕੱਟ ਵੱਢ ਹੁੰਦੀ ਰਹੀ ਪਰ ਇਸ ਨੇ ਵਾਹ ਲੱਗਦੀ ਕਿੰਨੇ ਸਾਰੇ ਆਮ ਨਾਗਰਿਕ ਬਚਾ ਲਏ..!



ਮਗਰੋਂ ਹੁਕਮ ਅਦੂਲੀ ਕਰਕੇ ਨਿਜ਼ਾਮ ਦੀਆਂ ਅੱਖਾਂ ਵਿੱਚ ਸੁਰਮਚੂ ਵਾਂਙ ਚੁੱਭਣ ਲੱਗਾ..ਪਹਿਲੋਂ ਉਂਝ ਤੰਗ ਪ੍ਰੇਸ਼ਾਨ ਕੀਤਾ ਫੇਰ ਬੱਤੀ ਸਾਲ ਪੁਰਾਣਾ ਕਸਟੋਡੀਅਲ ਕਿਲਿੰਗ ਦਾ ਇੱਕ ਕੇਸ ਲੱਭ ਅੰਦਰ ਕਰ ਦਿੱਤਾ..ਅਖ਼ੇ ਅਖਬਾਰਾਂ ਵਿਦੇਸ਼ੀ ਪ੍ਰੈਸ ਅਤੇ ਸੁਪ੍ਰੀਮ ਕੋਰਟ ਸਾਮਣੇ ਮੂੰਹ ਬੰਦ ਰੱਖਣਾ ਪਵੇਗਾ ਵਰਨਾ ਜਾਨ ਦੀ ਖੈਰ ਨਹੀਂ..!

ਫੇਰ ਅੰਦਰ ਹੀ ਰਿਟਾਇਰਮੈਂਟ ਦੀ ਡੇਟ ਵੀ ਲੰਘ ਗਈ..ਵੱਡੀ ਪੱਧਰ ਤੇ ਧਮਕੀਆਂ ਦਬਕੇ ਤਸ਼ੱਦਤ ਮਾਨਸਿਕ ਸਰੀਰਕ ਤਸੀਹੇ..ਜਲਾਲਤ ਬੇਇੱਜਤੀ ਅਤੇ ਹੋਰ ਵੀ ਕਿੰਨਾ ਕੁਝ..ਪਰ ਅਜੇ ਤੀਕਰ ਚਟਾਨ ਵਾਂਙ ਡਟਿਆ ਹੋਇਆ..ਸਿਸਟਮ ਅੱਗੇ ਝੁਕਣਾ ਮਨਜੂਰ ਨਹੀਂ..ਸੱਚ ਤੇ ਪਹਿਰਾ ਦਿੰਦਿਆਂ ਭਾਵੇਂ ਸਭ ਕੁਝ ਗਵਾ ਦਿੱਤਾ..ਪਰ ਕੋਈ ਸ਼ਿਕਨ ਨਹੀਂ ਕੋਈ ਅਫਸੋਸ ਨਹੀਂ..!

ਘਰ ਵਾਲੀ ਸ਼ਵੇਤਾ ਭੱਟ ਅਕਸਰ ਰੋ ਪੈਂਦੀ ਏ ਪਰ ਫੇਰ ਛੇਤੀ ਸੰਭਲ ਕੇ ਆਖਦੀ ਮੇਰੇ ਸ਼ੇਰ ਨੇ ਕੁਝ ਗਲਤ ਨਹੀਂ ਕੀਤਾ..ਬੱਸ ਸੱਚ ਦੀਆਂ ਬਰੂਹਾਂ ਤੇ ਪਹਿਰਾ ਦਿੱਤਾ..ਜਿਸਦੀ ਸਜਾ ਦਿੱਤੀ ਜਾ ਰਹੀ ਏ..!ਸੋ ਭਾਈ ਖਾਲੜੇ ਸਾਡੀ ਕੌਮ ਵਿੱਚ ਹੀ ਨਹੀਂ ਸਗੋਂ ਬਾਹਰ ਵੀ ਬਹੁਤ ਹੋਏ ਨੇ ਪਰ ਕੋਈ ਪ੍ਰੈਸ ਕੋਈ ਅਖਬਾਰ ਮੀਡਿਆ ਹਾਊਸ ਗੱਲ ਕਰਨ ਲਈ ਰਾਜੀ ਨਹੀਂ..ਸਬੱਬ ਇਹ ਹੈ ਕੇ ਭਾਈ ਖਾਲੜਾ 6 ਸਤੰਬਰ ਪੰਚਨਵੇਂ ਨੂੰ ਸ਼ਹੀਦੀ ਮਾਰਗ ਤੇ ਤੋਰ ਦਿੱਤਾ ਗਿਆ ਸੀ ਤੇ ਸੰਜੀਵ ਭੱਟ ਪੰਜ ਸਤੰਬਰ ਅਠਾਰਾਂ ਦਾ ਸਲਾਖਾਂ ਪਿੱਛੇ ਡੱਕਿਆ..!

ਐਸੀਆਂ ਰੂਹਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨੀ ਕੌਮ ਦਾ ਫਰਜ ਬਣਦਾ ਏ!

**ਹਰਪ੍ਰੀਤ ਸਿੰਘ ਜਵੰਦਾ**

# ਕੋਰੋਨਾ ਟੀਕੇ ਦਾ ਹਾਰਟ ਅਟੈਕ ਨਾਲ ਕੋਈ ਸਬੰਧ ਨਹੀਂ

ਕੋਵਿਡ-19 ਮਹਾਮਾਰੀ ਦੀ ਰੋਕਥਾਮ ਲਈ ਭਾਰਤ 'ਚ ਇਸਤੇਮਾਲ ਟੀਕਿਆਂ ਕੋਵੀਸ਼ੀਲਡ, ਕੋਵੈਕਸੀਨ ਤੇ ਹਾਰਟ ਅਟੈਕ ਦੇ ਖਤਰੇ 'ਚ ਕੋਈ ਸਬੰਧ ਸਾਹਮਣੇ ਨਹੀਂ ਆਇਆ। ਦਿੱਲੀ ਦੇ ਜੀਬੀ ਪੰਤ ਹਸਪਤਾਲ 'ਚ ਦਾਖਲ ਮਰੀਜ਼ਾਂ 'ਤੇ ਕੀਤੇ ਗਏ ਇਕ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ। ਇਸ ਨਾਲ ਕੋਰੋਨਾ ਸੰਕਟ ਦੇ ਬਾਅਦ ਵੱਡੀ ਗਿਣਤੀ 'ਚ ਹਾਰਟ ਅਟੈਕ ਨਾਲ ਹੋਈਆਂ ਮੌਤਾਂ ਨੂੰ ਲੈ ਕੇ ਪੈਦਾ ਸ਼ੱਕ ਦੂਰ ਹੋ ਗਿਆ ਹੈ।

ਹਾਲੀਆ ਪੀਐੱਲਓਐੱਸ ਵਨ ਜਰਨਲ 'ਚ ਪ੍ਰਕਾਸ਼ਿਤ ਇਸ ਅਧਿਐਨ 'ਚ ਐਕਿਊਟ ਮਾਯੋਕਾਰਡੀਅਲ ਇੰਫਾਕਰਸ਼ਨ (ਏਐੱਮਆਈ) ਜਾਂ ਹਾਰਟ ਅਟੈਕ ਦੇ ਬਾਅਦ ਮੌਤ ਦਰ 'ਤੇ ਕੋਵਿਡ-19 ਟੀਕਾਕਰਨ ਦੇ ਅਸਰ ਦਾ ਨਿਰਧਾਰਨ ਕੀਤਾ ਗਿਆ ਹੈ। ਅਧਿਐਨ 'ਚ ਅਗਸਤ, 2021 ਤੇ ਅਗਸਤ, 2022 ਦੇ ਵਿਚ ਪੰਤ ਹਸਪਤਾਲ 'ਚ ਦਾਖਲ ਹੋਏ 1,578 ਲੋਕਾਂ ਦੇ ਡਾਟਾ ਦੀ ਵਰਤੋਂ ਕੀਤੀ ਗਈ। ਰੋਗੀਆਂ 'ਚ ਟੀਕਿਆਂ ਦੀਆਂ ਕਿਸਮਾਂ, ਟੀਕਾਕਰਨ ਦੀ ਤਰੀਕ ਤੇ ਮਾੜੇ ਪ੍ਰਭਾਵਾਂ ਦੇ ਵੇਰਵੇ ਸਮੇਤ ਰੋਗੀ ਦੇ ਟੀਕਾਕਰਨ ਦੀ ਸਥਿਤੀ ਦੇ ਬਾਰੇ ਡਾਟਾ ਪ੍ਰਾਪਤ ਕੀਤਾ ਗਿਆ। ਘੱਟੋ ਘੱਟ 1,086 (68.8 ਫੀਸਦੀ) ਲੋਕਾਂ ਨੂੰ ਕੋਰੋਨਾ ਰੋਕੂ ਟੀਕਾ ਲਗਾਇਆ ਗਿਆ ਸੀ, ਜਦਕਿ 492 (31.2 ਫ਼ੀਸਦੀ) ਨੂੰ ਟੀਕਾ ਨਹੀਂ ਲਗਾਇਆ ਗਿਆ ਸੀ। ਟੀਕਾ ਲਗਾਉਣ ਵਾਲੇ ਗਰੁੱਪ 'ਚੋਂ 1,047 (96 ਫ਼ੀਸਦੀ) ਨੂੰ ਟੀਕੇ ਦੀਆਂ ਦੋ ਖੁਰਾਕਾਂ ਮਿਲੀਆਂ, ਜਦਕਿ 39 (ਚਾਰ ਫੀਸਦੀ) ਨੂੰ ਸਿਰਫ਼ ਇਕ ਖੁਰਾਕ ਮਿਲੀ।


T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



Open 24 Hours 7 Days a Week

ATLAS ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar & Associates

Tel: 604-301-0300

5696 Fraser St, Vancouver, BC, V5W 2Z4

www.atlasvetsinvancouver.com

# ਸਿਹਤ ਸੰਬੰਧੀ





# (ਅਲ੍ਹੜ ਉਮਰ ਅਤੇ ਮਾਹਵਾਰੀ ਵਿਕਾਰ)

ਔਰਤਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਵਿੱਚ ਮਾਹਵਾਰੀ ਦਾ ਬਹੁਤ ਵੱਡਾ ਮਹੱਤਵ ਹੈ। ਇਹ ਪਰਕਿਰਿਆ 13-14 ਸਾਲ ਦੀ ਚੜ੍ਹਦੀ ਜਵਾਨੀ ਤੋਂ ਲੈ ਕੇ ਲਗਭਗ 40-50 ਸਾਲ ਦੀ ਅਧਖੜ੍ਹ ਉਮਰ ਤੱਕ ਚਲਦੀ ਹੈ।

ਅੱਜ ਦੀ ਰੁਝੇਂਵਿਆਂ ਭਰੀ ਅਤੇ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਵਿਚਰਦਿਆਂ ਬਹੁਤ ਸਾਰੀਆਂ ਔਰਤਾਂ ਨੂੰ ਉਮਰ ਦੇ ਵੱਖ-ਵੱਖ ਪੜਾਵਾਂ ਉੱਤੇ ਮਾਹਵਾਰੀ ਸਬੰਧੀ ਵਿਕਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਚੜ੍ਹਦੀ ਜਵਾਨੀ ਸ਼ੁਰੂ ਹੋਣ ਤੋਂ ਪਹਿਲਾਂ ਸਰੀਰ ਵਿੱਚ ਹੋਣ ਵਾਲੇ ਹਾਰਮੋਨਲ ਬਦਲਾਵਾਂ ਬਾਰੇ ਬੱਚੀਆਂ ਨੂੰ ਇਸ ਸਬੰਧੀ ਜਾਣਕਾਰੀ ਦੇਣਾ ਬਹੁਤ ਜ਼ਰੂਰੀ ਹੈ। ਅੱਜ ਦੇ ਆਧੁਨਿਕ ਯੁਗ ਵਿੱਚ ਬਹੁਤ ਸਾਰੀ ਜਾਣਕਾਰੀ ਇੰਟਰਨੈੱਟ ਉੱਤੇ ਵੀ ਉਪਲਬਧ ਹੈ ਅਤੇ ਸਕੂਲਾਂ ਵਿੱਚ ਵੀ ਇਸ ਵਿਸ਼ੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਇਸ ਸਭ ਦੇ ਬਾਵਜੂਦ ਵੀ ਕਈ ਬੱਚੀਆਂ ਨੂੰ ਇਸ ਬਾਰੇ ਅਤੇ ਇਸ ਨਾਲ ਜੁੜੇ ਵਿਕਾਰਾਂ ਬਾਰੇ ਜਾਣਕਾਰੀ ਨਹੀਂ ਹੁੰਦੀ।

ਸਭ ਤੋਂ ਪਹਿਲਾਂ ਤਾਂ ਪਰਿਵਾਰਕ ਪੱਧਰ ਉੱਤੇ ਜਾਣਕਾਰੀ ਦੇਣ ਲਈ ਬੱਚੀ ਦੇ ਮਾਤਾ ਜੀ ਸਭ ਤੋਂ ਵੱਡੇ ਅਧਿਆਪਕ ਹੁੰਦੇ ਹਨ। ਜੇ ਇਸ ਕੁਦਰਤੀ ਪਰਕਿਰਿਆ ਨੂੰ ਸ਼ਰਮਨਾਕ ਘਟਨਾ ਸਮਝ ਕੇ ਬੱਚੀ ਨੂੰ ਇਸ ਬਾਰੇ ਨਾ ਦੱਸਿਆ ਜਾਵੇ ਤਾਂ ਉਸ ਨੂੰ ਇਸ ਅਵਸਥਾ ਵਿੱਚ ਪਹੁੰਚ ਕੇ ਕਈ ਮੁਸ਼ਕਲਾਂ ਦਾ ਸਾਮਹਣਾ ਕਰਨਾ ਪੈਂਦਾ ਹੈ। ਇਹ ਬੱਚੀ ਵਿੱਚ ਉਤਸਾਹ ਦੀ ਘਾਟ ਤਾਂ ਪੈਦਾ ਕਰਦਾ ਹੀ ਹੈ, ਨਾਲ ਹੀ ਉਹ ਉਦਾਸੀ ਅਤੇ ਹੀਣ ਭਾਵਨਾ ਦੀ ਸ਼ਿਕਾਰ ਵੀ ਹੋ ਜਾਂਦੀ ਹੈ।

ਪਹਿਲੀ ਮਾਹਵਾਰੀ ਕਦੋਂ ਸ਼ੁਰੂ ਹੁੰਦੀ ਹੈ, ਇਸ ਵਿੱਚ ਮੁਲਕਾਂ ਦੀਆਂ ਭੂਗੋਲਿਕ ਸਥਿਤੀਆਂ ਅਤੇ ਪਰਿਵਾਰ ਦੀਆਂ ਰਹਿਣ ਸਹਿਣ ਅਤੇ ਖਾਣ ਪੀਣ ਦੀਆਂ ਆਦਤਾਂ ਦੀ ਵੀ ਭੂਮਿਕਾ ਨਿਭਾਉਂਦੀਆਂ ਹੁੰਦੀ ਹੈ। ਮੰਨਿਆ ਜਾਂਦਾ ਹੈ ਕਿ ਗਰਮ ਮੁਲਕਾਂ ਵਿੱਚ ਰਹਿਣ ਵਾਲੀਆਂ ਕੁੜੀਆਂ ਵਿੱਚ ਇਹ ਪਰਕਿਰਿਆ ਛੇਤੀ ਸ਼ੁਰੂ ਹੋ ਜਾਂਦੀ ਹੈ।

ਹੇਠ ਲਿਖੇ ਸਰੀਰਕ ਵਿਕਾਰਾਂ ਦੇ ਹੋਣ ਕਾਰਨ ਚੜ੍ਹਦੀ ਜਵਾਨੀ ਵਿੱਚ ਮਾਨਸਿਕ ਪੱਧਰ ਉੱਤੇ ਵੀ ਬਦਲਾਵ ਆਉਂਦੇ ਹਨ:

- ਚਿੱਟਾ ਪਾਣੀ ਆਉਣਾ, ਸਮੇਂ ਤੋਂ ਪਹਿਲਾਂ ਮਾਹਵਾਰੀ ਦਾ ਆਉਣਾ
- ਮਾਹਵਾਰੀ ਹੋਣ ਵਿੱਚ ਦੇਰ
- ਮਾਹਵਾਰੀ ਵਿੱਚ ਬਹੁਤ ਦਰਦ, ਇੱਥੇ ਤੱਕ ਕਿ ਬੇਹੋਸ਼ ਵੀ ਹੋ ਜਾਣਾ
- ਮਾਹਵਾਰੀ ਵਿੱਚ ਦੰਦਲ ਪੈਣੀ
- ਛਾਤੀ ਵਿੱਚ ਲੁਮਪ ਬਣਨੇ
- ਦਿਲ ਦੀ ਧੜਕਣ ਵਧ ਜਾਣੀ
- ਮੂੰਹ ਉੱਤੇ ਕਿੱਲ ਅਤੇ ਛਾਈਆਂ
- ਅੱਖਾਂ ਥੱਲੇ ਕਾਲੇ ਘੇਰੇ ਬਣਨੇ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

- ਸਾਹ ਵਿੱਚ ਬਦਬੂ ਆਉਣੀ
- ਮਾਹਵਾਰੀ ਆਉਣ ਦੀ ਥਾਂ ਨਕਸੀਰ ਵਗਣੀ
- ਢਿੱਡ ਦਾ ਤਣ ਜਾਣਾ ਅਤੇ ਗੈਸ ਭਰਨੀ
- ਭੁੱਖ ਮਰ ਜਾਣੀ
- ਵਜ਼ਨ ਵਧ ਜਾਣਾ
- ਮਾਈਗ੍ਰੇਨ ਅਤੇ ਸਿਰ ਦਰਦ, ਵਾਲ ਝੜਨੇ
- ਨੌਂਹਾਂ ਦੀ ਸ਼ਕਲ ਵਿਗੜ ਜਾਣੀ, ਆਦਿ।

ਮਾਨਸਿਕ ਪੱਧਰ ਉੱਤੇ ਬਦਲਾਵ

ਉਪਰੋਕਤ ਵਿੱਚੋਂ ਇੱਕ ਜਾਂ ਇੱਕ ਤੋਂ ਵੱਧ ਲੱਛਣ ਹੋਣ 'ਤੇ ਮਾਨਸਿਕ ਪੱਧਰ ਉੱਤੇ ਆਉਣ ਵਾਲੇ ਬਦਲਾਵ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:

- ਉਦਾਸੀ
- ਦਿਮਾਗੀ ਕੰਮ ਕਰਨ ਨੂੰ ਮਨ ਨਾ ਕਰਨਾ
- ਪੜ੍ਹਨ ਵਿੱਚ ਰੁਚੀ ਘਟਣੀ
- ਸਰੀਰਕ ਕੰਮ ਕਰਨ ਨੂੰ ਮਨ ਨਾ ਕਰਨਾ
- ਝੱਲ ਖਿਲਾਰਨੀ
- ਚਿੜਚਿੜਾ ਸੁਭਾਅ
- ਕੁੱਝ ਵੀ ਚੰਗਾ ਨਾ ਲੱਗਣਾ
- ਆਪਣੇ ਸਰੀਰ ਨਾਲ ਵੀ ਘਿਰਣਾ ਕਰਨੀ
- ਇੰਨਾ ਸੁਖਮਚਿੱਤ ਹੋ ਜਾਣਾ ਕਿ ਰੋਣਾ ਹੀ ਆਈ ਜਾਵੇ
- ਗੀਤ ਸੰਗੀਤ ਵਿੱਚ ਰੁਚੀ ਨਾ ਹੋਣਾ, ਆਦਿ।

ਉਪਰੋਕਤ ਸਰੀਰਕ ਅਤੇ ਮਾਨਸਿਕ ਲੱਛਣ ਅਲ੍ਹੜ ਉਮਰ ਤੋਂ ਲੈ ਕੇ ਔਰਤ ਦੀ ਜ਼ਿੰਦਗੀ ਦੇ ਹਰ ਪੜਾਅ ਵਿੱਚ ਉਸ ਨੂੰ ਪਰੇਸ਼ਾਨ ਕਰ ਸਕਦੇ ਹਨ।

ਕਈ ਕੇਸਾਂ ਵਿੱਚ ਵਿਆਹ ਤੋਂ ਬਾਅਦ ਕਈ ਵਿਕਾਰ ਆਪਣੇ ਆਪ ਠੀਕ ਹੋ ਜਾਂਦੇ ਹਨ ਅਤੇ ਕਈਆਂ ਵਿੱਚ ਪ੍ਰੋਫ਼ੈਸ਼ਨਲ ਡਾਕਟਰੀ ਸੇਵਾਵਾਂ ਲੈਣੀਆਂ ਵੀ ਜ਼ਰੂਰੀ ਹੁੰਦੀਆਂ ਹਨ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਇਨ੍ਹਾਂ ਸਰੀਰਕ ਅਤੇ ਮਾਨਸਿਕ ਰੋਗਾਂ ਦੇ ਇਲਾਜ ਵਾਸਤੇ ਬਹੁਤ ਹੀ ਢੁਕਵੀਆਂ ਦਵਾਈਆਂ ਮੌਜੂਦ ਹਨ। ਹਰ ਇੱਕ ਪੀੜਤ ਕੇਸ ਨੂੰ ਵਖਰੇਵੇਂ ਨਾਲ ਵੇਖਦਿਆਂ ਵਿਸਥਾਰ ਪੂਰਬਕ ਹਿਸਟਰੀ ਲੈਣ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ।

ਅਜਿਹੀ ਚੋਣ ਕੀਤੀ ਹੋਮਿਓਪੈਥਿਕ ਦਵਾਈ ਦੀ ਵਰਤੋਂ ਉਪਰੰਤ ਸਾਰੀਆਂ ਅਲਾਮਤਾਂ ਠੀਕ ਹੁੰਦੀਆਂ ਹਨ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਜੇ ਇਸ ਤਰ੍ਹਾਂ ਦੇ ਕੇਸਾਂ ਵਿੱਚ ਇੱਕ ਤੋਂ ਵੱਧ ਤਕਲੀਫ਼ਾਂ ਹੋਣ ਤਾਂ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਸਾਰੀਆਂ ਅਲਾਮਤਾਂ ਨੂੰ ਪਰਖਦੇ ਹੋਏ ਇੱਕ ਢੁਕਵੀਂ ਦਵਾਈ ਦੀ ਚੋਣ ਕਰਦਾ ਹੈ - ਨਾ ਕਿ ਕਈ ਦਵਾਈਆਂ ਦੀ।


ਨਸ਼ਿਆਂ ਤੋਂ ਛੁਟਕਾਰਾ ਪਾਓ




ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

# ਹਸਗੁੱਲੇ

ਡਾਕਟਰ (ਮਰੀਜ਼ ਨੂੰ), ''ਤੁਹਾਡੀ ਇਕ ਕਿਡਨੀ ਫੇਲ ਹੋ ਗਈ ਹੈ।'' ਮਰੀਜ਼ (ਬਹੁਤ ਰੋਂਦੇ ਹੋਏ ਬੋਲਿਆ), ''ਕਿੰਨੇ ਨੰਬਰਾਂ ਤੋਂ।''

*************

ਪਤੀ, ''ਤੇਰੇ ਵਿਆਹ ਤੋਂ ਪਹਿਲਾਂ ਕਿੰਨੇ ਬੁਆਏ ਫ੍ਰੈਂਡ ਸਨ?''ਇਸ 'ਤੇ ਪਤਨੀ ਚੁੱਪ ਰਹੀ।

ਪਤੀ, ''ਮੈਂ ਇਸ ਚੁੱਪ ਦਾ ਕੀ ਮਤਲਬ ਸਮਝਾਂ?''

ਪਤਨੀ, ''ਗਿਣ ਤਾਂ ਰਹੀ ਹਾਂ, ਰੌਲਾ ਕਿਉਂ ਪਾ ਰਹੇ ਹੋ।''

*************

ਕੁੰਭ ਦੇ ਮੇਲੇ ਵਿੱਚ ਇਕ ਆਦਮੀ ਪ੍ਰਾਰਥਨਾ ਕਰ ਰਿਹਾ ਸੀ; "ਰੱਬਾ! ਨਿਆਂ ਕਰ, ਨਿਆਂ! ਹਮੇਸ਼ਾ ਇਸ ਮੇਲੇ ਵਿੱਚ ਭਰਾ-ਭਰਾ, ਭੈਣ-ਭੈਣ ਹੀ ਕਿਉਂ ਵਿੱਛੜਦੇ ਹਨ? ਕਦੇ ਪਤੀ-ਪਤਨੀ 'ਤੇ ਵੀ ਟ੍ਰਾਈ ਕਰ।''

**************

ਕਮਲਾ, ''ਤੂੰ ਰੋਜ਼-ਰੋਜ਼ ਉਪਰ ਦੇਖ ਕੇ ਪੱਥਰ ਕਿਉਂ ਮਾਰਦਾ ਏਂ?'' ਰਮਨ, ''ਕਿਉਂਕਿ ਇਕ ਦਿਨ ਕਿਸੇ ਨੇ ਮੈਨੂੰ ਕਿਹਾ ਸੀ ਕਿ ਜੋੜੀ ਉਪਰੋਂ ਬਣ ਕੇ ਆਉਂਦੀ ਹੈ।''

*************

ਦੋ ਪੁਰਾਣੇ ਦੋਸਤ ਲੰਮੇ ਸਮੇਂ ਬਾਅਦ ਮਿਲੇ। ਇਕ ਦੂਜੇ ਦਾ ਹਾਲ ਪੁੱਛਣ 'ਤੇ ਪਤਾ ਲੱਗਾ ਕਿ ਦੋਵੇਂ ਹੁਣ ਵਿਆਹੁਤਾ ਹਨ।

ਇਕ ਨੇ ਦੂਜੇ ਨੂੰ ਉਤਸੁਕਤਾ ਨਾਲ ਪੁੱਛਿਆ, ''ਕਿਹੋ ਜਿਹੀ ਹੈ ਤੇਰੀ ਪਤਨੀ?''

ਦੂਜੇ ਨੇ ਜਵਾਬ ਦਿੱਤਾ, ''ਮੇਰੀ ਪਤਨੀ ਦਾ ਕੀ ਕਹਿਣਾ ਯਾਰ, ਉਹ ਤਾਂ ਸਵਰਗ ਦੀ ਅਪਸਰਾ ਹੈ।''

ਪਹਿਲਾ ਉਦਾਸ ਹੋ ਕੇ ਬੋਲਿਆ, ''ਖੁਸ਼ਕਿਸਮਤ ਏਂ ਭਰਾ, ਮੇਰੀ ਤਾਂ ਅਜੇ ਜ਼ਿੰਦਾ ਹੈ।''

**************

ਪਿਓ (ਪੁੱਤਰ ਨੂੰ), ''ਦੇਖ ਪੁੱਤਰਾ! ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ ਵਿੱਚ

ਅੱਜ ਜਿੱਤੇਂਗਾ ਤਾਂ ਕੱਲ੍ਹ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ।''

ਪੁੱਤਰ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇਕ ਦਿਨ ਛੱਡ ਕੇ ਖੇਡਿਆ ਕਰਾਂਗਾ।''

*************

* ਜ਼ਰਦਾ ਲਾਉਣ ਵਾਲੇ ਧਿਆਨ ਦੇਣ *

ਪਤੀ ਬਹੁਤ ਉਦਾਸ ਜਿਹਾ ਘਰ ਮੁੜਿਆ ਪਤਨੀ: ਕੀ ਗੱਲ ਹੋ ਗਈ ਮੂੰਹ ਕਿਉਂ ਉਤਰਿਆ ਹੋਇਆ ਅੱਜ ?

ਪਤੀ: ਅੱਜ ਫੈਕਟਰੀ ਚ ਤਾਰਾਂ ਸ਼ਾਰਟ ਹੋਣ ਨਾਲ ਅੱਗ ਲਗ ਗਈ ਸਾਰੇ ਮਜ਼ਦੂਰ ਮਾਰੇ ਗਏ

ਪਤਨੀ: ਹਾਏ ਰੱਬਾ... ਫੇਰ ਤੁਸੀਂ ਕਿਵੇਂ ਬਚ ਗਏ?

ਪਤੀ :ਮੈਂ ਥੋੜ੍ਹੀ ਦੇਰ ਲਈ ਜ਼ਰਦਾ ਮਲਣ ਬਾਹਰ ਚਲਾ ਗਿਆ ਸੀ।

ਪਤਨੀ: ਚੱਲੋ ਸ਼ੁਕਰ ਆ ਰੱਬ ਦਾ .... ਤੁਹਾਡੀ ਜਾਨ ਬਚ ਗਈ

ਪਤੀ: ਮਾਲਕਾਂ ਨੇ ਮਰਨ ਵਾਲੇ ਦੇ ਪਰਿਵਾਰ ਨੂੰ 10 ਲੱਖ ਦੇਣ ਦਾ ਐਲਾਨ ਕੀਤਾ ਹੈ

ਪਤਨੀ(ਜਲਕੇ)- ਵੇ ਕੰਜਰਾ ਅੱਗ ਲਗ ਜਾਵੇ ਤੇਰੇ ਜ਼ਰਦੇ ਨੂੰ .....ਹਰਾਮਜ਼ਾਦੇ ਨੂੰ ਕਿੰਨੀ ਵਾਰ ਕਿਹਾ ਵੀ ਜ਼ਰਦਾ ਲਾਉਣਾ ਛੱਡਦੇ ..... ਗਏ ਨਾਂ 10 ਲੱਖ ਰੁਪਏ।

*************

ਅਖਬਾਰ ਪ੍ਰੈਸ ਨੂੰ ਭੇਜਣ ਦਾ ਸਮਾਂ ਹੋ ਗਿਆ ਸੀ ਪਰ ਕੁਝ ਥਾਂ ਬਚਦਾ ਸੀ, ਥਾਂ ਭਰਨ ਲਈ ਖਬਰ ਨਹੀਂ ਸੀ ਲੱਭ ਰਹੀ। ਉਪ ਸੰਪਾਦਕ ਕੋਲੋਂ ਗੱਲ ਨਾ ਬਣੀ ਤਾਂ ਮੁੱਖ ਸੰਪਾਦਕ ਕੋਲ ਚਲਾ ਗਿਆ ਤੇ ਕਹਿੰਦਾ, ਮਾਲਕੋ ਹੁਣ ਕੀ ਕਰੀਏ? ਮੁੱਖ ਸੰਪਾਦਕ ਹੰਢਿਆ ਸੀ, ਕਹਿੰਦਾ ਲਿਖੋ ਖਬਰ: 'ਖੰਨਾ ਲਾਗੇ ਜੀਟੀ ਰੋਡ ਉੱਤੇ ਖਾਲੀ ਪੀਪਿਆਂ ਦਾ

ਭਰਿਆ ਇੱਕ ਟਰੱਕ ਜਾ ਰਿਹਾ ਸੀ! ਸੜਕ ਉੱਤੇ ਮੀਂਹ ਕਾਰਨ ਚਿਕੜ ਹੋਇਆ ਸੀ ਤੇ ਟਰੱਕ ਉਸ ਤੋਂ ਤਿਲਕ ਕੇ ਬੇਕਾਬੂ ਹੋ ਗਿਆ!'

ਉਪ ਸੰਪਾਦਕ ਨੇ ਕਾਹਲੀ ਨਾਲ ਪੁੱਛਿਆ: 'ਫੇਰ?'

ਮੁੱਖ ਸੰਪਾਦਕ ਨੇ ਕਿਹਾ: 'ਉਹ ਤਿਲਕਦਾ ਹੋਇਆ ਸੜਕ ਤੋਂ ਉੱਤਰ ਕੇ ਇੱਕ ਟਾਹਲੀ ਦੇ ਰੁੱਖ ਨਾਲ ਜਾ ਲੱਗਾ!'

ਉਪ ਸੰਪਾਦਕ ਨੇ ਹੋਰ ਕਾਹਲੀ ਨਾਲ ਪੁੱਛਿਆ:

'ਬੰਦੇ ਤਾਂ ਨਹੀਂ ਮਾਰੇ ਗਏ?'

ਜਵਾਬ ਮਿਲਿਆ: 'ਕੋਈ ਨਹੀਂ ਮਰਿਆ!'

ਅਗਲਾ ਸਵਾਲ ਕੀਤਾ ਗਿਆ: 'ਜ਼ਖਮੀ ਕਿੰਨੇ ਹੋਏ ਨੇ?'

ਮੁੱਖ ਸੰਪਾਦਕ ਨੇ ਕਿਹਾ: 'ਕੋਈ ਨਹੀਂ!'

ਉਪ ਸੰਪਾਦਕ ਫਿਰ ਪੁੱਛਦਾ: 'ਟਰੱਕ ਦਾ ਕਿੰਨਾ ਕੁ ਨੁਕਸਾਨ ਹੋਇਆ?'

ਅੱਗੋਂ ਮੁੱਖ ਸੰਪਾਦਕ ਕਹਿੰਦਾ: 'ਲਿਖ ਦਿਓ ਕਿ ਨੁਕਸਾਨ ਹੋਇਆ ਹੀ ਕੋਈ ਨਹੀਂ?'

ਖਿਝੇ ਪਏ ਉਪ ਸੰਪਾਦਕ ਨੇ ਅਗਲਾ ਸਵਾਲ ਕੀਤਾ:

'ਮਾਲਕੋ, ਨਾ ਕੋਈ ਮਰਿਆ, ਨਾ ਜ਼ਖਮੀ ਹੋਇਆ, ਨਾ ਟਰੱਕ ਦਾ ਨੁਕਸਾਨ ਹੋਇਆ, ਇਸ ਖਬਰ ਦਾ ਹੈਡਿੰਗ ਕੀ ਲਾਵਾਂਗੇ?'

ਮੁੱਖ ਸੰਪਾਦਕ ਨੇ ਕਿਹਾ: 'ਲਾ ਦਿਓ, ..........ਜਾ ਕੋ ਰਾਖੇ ਸਾਈਂਆਂ, ਮਾਰ ਸਕੇ ਨਾ ਕੋਇ!'

*************

ਸ਼ਾਮ, ''ਤੁਹਾਡਾ ਸ਼ੌਕ ਕੀ ਹੈ?''

ਰਾਮਦੀਨ, ''ਘੋੜਸਵਾਰੀ।''

ਸ਼ਾਮ, ''ਪਿਛਲੀ ਵਾਰ ਘੋੜੇ 'ਤੇ ਕਦੋਂ ਬੈਠੇ ਸੀ?''

ਰਾਮਦੀਨ, ''ਲਗਭਗ ਚਾਰ ਸਾਲ ਪਹਿਲਾਂ ਆਪਣੇ ਵਿਆਹ ਮੌਕੇ।''

*************

ਪ੍ਰਿੰਸ ਰੇਲ ਗੱਡੀ ਦੀ ਟਿਕਟ ਲੈ ਰਿਹਾ ਸੀ। ਉਹ ਬੁਕਿੰਗ ਕਲਰਕ ਨੂੰ ਪੁੱਛਣ ਲੱਗਾ, ''ਬੱਚਿਆਂ ਦੀ ਅੱਧੀ

ਟਿਕਟ ਲੱਗਦੀ ਹੈ ਨਾ?'' ਕਲਰਕ, ''ਹਾਂ, ਜੇ 12 ਤੋਂ ਘੱਟ ਹੋਣ ਤਾਂ।'' ਪ੍ਰਿੰਸ, ''ਹਾਂ, ਮੇਰੇ ਤਾਂ ਅਜੇ ਪੰਜ ਹੀ ਹਨ।''

*************

ਅਧਿਆਪਕ, ''ਮੁਹੱਬਤ ਤੇ ਇਸ਼ਕ 'ਚ ਕੀ ਫਰਕ ਹੈ?''

ਵਿਦਿਆਰਥੀ, ''ਮੁਹੱਬਤ ਉਹ ਹੈ ਜੋ ਤੁਸੀਂ ਆਪਣੀ ਬੇਟੀ ਨੂੰ ਕਰਦੇ ਹੋ ਅਤੇ ਇਸ਼ਕ ਉਹ ਹੈ ਜੋ ਮੈਂ ਤੁਹਾਡੀ ਬੇਟੀ ਨੂੰ ਕਰਦਾ ਹਾਂ।''

*************

ਅਸ਼ੋਕ ਦਾ ਵਿਆਹ ਇਕ ਨਰਸ ਨਾਲ ਹੋ ਗਿਆ।

ਸੋਨੂੰ ਨੇ ਉਸ ਨੂੰ ਪੁੱਛਿਆ, ''ਹੋਰ ਸੁਣਾ ਬਣੀ, ਜ਼ਿੰਦਗੀ ਕਿਵੇਂ ਬੀਤ ਰਹੀ ਹੈ?'' ਅਸ਼ੋਕ, ''ਕੁਝ ਨਾ ਪੁੱਛ ਯਾਰ, ਜਦੋਂ ਤੱਕ ਸਿਸਟਰ ਨਾ ਕਹਾਂ, ਕਿਸੇ ਗੱਲ ਦਾ ਜਵਾਬ ਹੀ ਨਹੀਂ ਦਿੰਦੀ।''

*************

ਨੇਤਾ (ਪਤਨੀ ਨੂੰ), ''ਮੈਂ ਆਪਣਾ 50 ਕਰੋੜ ਦਾ ਬੀਮਾ ਕਰਵਾ ਲਿਆ ਹੈ।''

ਪਤਨੀ, ''ਇਹ ਤੁਸੀਂ ਚੰਗਾ ਕੀਤਾ। ਮੈਨੂੰ ਵਾਰਵਾਰ ਕਹਿਣਾ ਨਹੀਂ ਪਵੇਗਾ ਕਿ ਆਪਣਾ ਖਿਆਲ ਰੱਖਣਾ।''

*************

ਜਾਦੂਗਰ (ਸਿੰਗਲਾ ਨੂੰ), ''ਹੁਣ ਮੈਂ ਤੇਰੀ ਘਰ ਵਾਲੀ ਦੇ ਦੋ ਟੁਕੜੇ ਕਰ ਦਿਆਂਗਾ।''

ਸਿੰਗਲਾ, ''ਕੀ ਕਰਦਾ ਏਂ ਭਰਾ, ਇਕ ਸੰਭਾਲੀ ਨਹੀਂ ਜਾਂਦੀ, ਤੂੰ ਦੋ ਬਣਾਉਣ 'ਤੇ ਤੁਲਿਆ ਹੋਇਆ ਏਂ।''

*************

ਕੁੜੀ (ਪ੍ਰੇਮੀ ਨੂੰ), ''ਮੰਮੀ-ਪਾਪਾ ਨੇ ਕਿਹਾ ਹੈ ਕਿ ਜੇ ਪੇਪਰਾਂ 'ਚੋਂ ਫੇਲ ਹੋਈ ਤਾਂ ਵਿਆਹ ਕਰਵਾ ਦੇਵਾਂਗੇ।''

ਮੁੰਡਾ, ''ਤੂੰ ਤਿਆਰੀ ਕਰ ਲਈ?''

ਕੁੜੀ, ''ਬਸ ਰਿਸੈਪਸ਼ਨ ਦੀ ਡ੍ਰੈਸ ਖਰੀਦਣੀ ਬਾਕੀ ਹੈ।''

*************

ਨੇਤਾ ਪਤੀ ਦਾ ਆਪਣੀ ਪਤਨੀ ਨਾਲ ਜ਼ੋਰਦਾਰ ਝਗੜਾ ਹੋਇਆ ਅਤੇ ਉਹ ਗੁੱਸੇ ਵਿੱਚ ਉਸ ਨੂੰ ਕਹਿਣ ਲੱਗਾ, ''ਮੈਂ ਪਤੀ ਦੇ ਅਹੁਦੇ ਤੋਂ ਅਸਤੀਫਾ ਦਿੰਦਾ ਹਾਂ।''

ਪਤਨੀ, ''ਕਿਰਪਾ ਕਰਕੇ ਬਦਲਵਾਂ ਪ੍ਰਬੰਧ ਹੋਣ ਤੱਕ ਅਹੁਦੇ 'ਤੇ ਬਣੇ ਰਹੋ।''

*************

ਗਗਨ, ''ਤੂੰ ਕਾਰ ਦੀ ਸਪੀਡ ਇੰਨੀ ਕਿਉਂ ਵਧਾ ਦਿੱਤੀ?'' ਰਾਕੇਸ਼, ''ਕਾਰ ਦੀਆਂ ਬ੍ਰੇਕਾਂ ਫੇਰ ਹੋ ਗਈਆਂ ਹਨ। ਸੋਚ ਰਿਹਾ ਹਾਂ ਇਸ ਤੋਂ ਪਹਿਲਾਂ ਕਿ ਐਕਸੀਡੈਂਟ ਹੋਵੇ, ਅਸੀਂ ਘਰ ਪਹੁੰਚ ਜਾਈਏ।''

*************

ਮਾਂ (ਪੁੱਤਰ ਨੂੰ), ''ਉਠ ਜਾ ਕੰਬਖਤ, ਦੇਖ ਸੂਰਜ ਕਦੋਂ ਦਾ ਨਿਕਲ ਆਇਆ।'' ਪੁੱਤਰ, ''ਮੰਮੀ ਛੱਡੋ ਨਾ, ਸੂਰਜ ਸੌਂਦਾ ਵੀ ਤਾਂ ਮੇਰੇ ਤੋਂ ਕਾਫੀ ਪਹਿਲਾਂ ਹੈ।''

*********

ਨੇਤਾ ਜੀ ਦੇ ਭਾਸ਼ਣ ਤੋਂ ਬਾਅਦ ਲੋਕ ਉਨ੍ਹਾਂ ਦਾ ਆਟੋਗ੍ਰਾਫ ਲੈਣ ਪਹੁੰਚ ਗਏ। ਨੇਤਾ ਜੀ ਆਟੋਗ੍ਰਾਫ ਦਿੰਦੇ-ਦਿੰਦੇ ਥੱਕ ਗਏ, ਇਸ ਲਈ ਉਨ੍ਹਾਂ ਨੇ ਚਿੜ ਕੇ ਇੱਕ ਆਦਮੀ ਦੀ ਕਾਪੀ ਉੱਤੇ ਗਧੇ ਦੀ ਤਸਵੀਰ ਬਣਾ ਦਿੱਤੀ।

ਉਹ ਆਦਮੀ ਬੋਲਿਆ, ''ਨੇਤਾ ਜੀ ਮੈਨੂੰ ਤੁਹਾਡਾ ਫੋਟੋਗ੍ਰਾਫ ਨਹੀਂ, ਆਟੋਗ੍ਰਾਫ ਚਾਹੀਦਾ ਹੈ।''

*********

ਪਤਨੀ ਨੇ ਪਤੀ ਨੂੰ ਮੈਸੇਜ ਕੀਤਾ, ''ਤੁਹਾਨੂੰ ਗੁਆਂਢਣ ਕਿਹੋ ਜਿਹੀ ਲੱਗਦੀ ਹੈ?''

ਪਤੀ ਨੇ ਪਤਨੀ ਨੂੰ ਖੁਸ਼ ਕਰਨ ਲਈ ਰਿਪਲਾਈ ਕੀਤਾ, ''ਇਕਦਮ ਬਾਂਦਰੀ ਵਰਗੀ?''

ਪਤਨੀ, ''ਠੀਕ ਹੈ, ਆਉਂਦੇ ਸਮੇਂ ਮੇਰੇ ਲਈ ਦੋ ਸਾੜ੍ਹੀਆਂ ਲੈ ਆਉਣਾ। ਨਹੀਂ ਤਾਂ ਤੁਹਾਡਾ ਇਹ ਹੀ ਮੈਸੇਜ ਗੁਆਂਢਣ ਨੂੰ ਦਿਖਾ ਦਿਆਂਗੀ।''

*********

ਪਤਨੀ ਪਤੀ ਨੂੰ, ''ਪਹਿਲਾਂ ਜਦੋਂ ਮੈਂ ਖਾਣਾ ਬਣਾ ਕੇ ਲਿਆਉਂਦੀ ਸੀ ਤਾਂ ਤੁਸੀਂ ਖੁਦ ਘੱਟ ਅਤੇ ਮੈਨੂੰ ਜ਼ਿਆਦਾ ਖੁਆਉਂਦੇ ਸੀ। ਅੱਜਕੱਲ੍ਹ ਕੀ ਹੋ ਗਿਆ ਹੈ?''

ਨੀਰਜ, ''ਕਿਉਂਕਿ ਅੱਜਕੱਲ੍ਹ ਤੂੰ ਢੰਗ ਦਾ ਖਾਣਾ ਬਣਾਉਣਾ ਸਿੱਖ ਗਈ ਹੈਂ।''

*********

ਪਤਨੀ, ''ਜੇ ਇੱਕ ਸ਼ੇਰ ਤੁਹਾਡੀ ਸੱਸ ਅਤੇ ਤੁਹਾਡੀ ਪਤਨੀ ਉੱਤੇ ਇੱਕੋ ਵਾਰੀ ਹਮਲਾ ਕਰ ਦਿੰਦਾ ਹੈ ਤਾਂ ਤੁਸੀਂ ਕਿਸ ਨੂੰ ਬਚਾਓਗੇ?''

ਪਤੀ, ''ਮੈਂ ਯਕੀਨਨ ਸ਼ੇਰ ਨੂੰ ਬਚਾਵਾਂਗਾ। ਆਖਿਰ ਦੁਨੀਆ ਵਿੱਚ ਸ਼ੇਰ ਬਚੇ ਹੀ ਕਿੰਨੇ ਹਨ।''

*********

ਇੱਕ ਇੰਟਰਵਿਊ ਵਿੱਚ ਬਬਲੂ ਨੂੰ ਪੁੱਛਿਆ ਗਿਆ,

''ਦੱਸੋ ਉਹ ਕਿਹੜੀ ਔਰਤ ਹੈ, ਜਿਸ ਨੂੰ 100 ਫੀਸਦੀ ਪਤਾ ਹੁੰਦਾ ਹੈ ਕਿ ਉਸ ਦਾ ਪਤੀ ਕਿੱਥੇ ਹੈ?''

ਬਬਲੂ ਨੇ ਦਿਮਾਗ ਲਗਾਇਆ ਅਤੇ ਬੋਲਿਆ, ''ਵਿਧਵਾ ਔਰਤ।''

*********

ਪਹਿਲਾ, ''ਮੇਰੇ ਚਾਰ ਬੱਚੇ ਹਨ, ਇੱਕ ਐਮ ਬੀ ਏ, ਇੱਕ ਬੀ ਐਡ, ਇੱਕ ਪੀ ਐਚ ਡੀ ਤੇ ਇੱਕ ਚੋਰ ਹੈ। ਦੂਜਾ, ''ਤੂੰ ਚੋਰ ਨੂੰ ਘਰੋਂ ਬਾਹਰ ਕਿਉਂ ਨਹੀਂ ਕੱਢਦਾ?''

ਪਹਿਲਾ, ''ਉਹੋ ਤਾਂ ਕਮਾਉਂਦਾ ਹੈ, ਬਾਕੀ ਸਾਰੇ ਬੇਰੁਜ਼ਗਾਰ ਹਨ।''

*********

ਪ੍ਰੋਫੈਸਰ (ਵਿਦਿਆਰਥੀ ਨੂੰ), ''ਅੱਜ ਪਹਿਲੀ ਵਾਰ ਤੂੰ ਜਮਾਤ ਵਿੱਚ ਗੱਲ ਕਰ ਰਿਹਾ ਏਂ, ਪਹਿਲਾਂ ਹਮੇਸ਼ਾ ਤੂੰ ਨਜ਼ਰਾਂ ਝੁਕਾ ਕੇ ਮੇਰਾ ਲੈਕਚਰ ਸੁਣਦਾ ਸੀ, ਕੀ ਹੋ ਗਿਆ ਹੈ ਤੈਨੂੰ?'' ਵਿਦਿਆਰਥੀ, ''ਸਰ, ਅੱਜ ਮੇਰਾ ਐਸ ਐਮ ਐਸ ਪੈਕ ਖਤਮ ਹੋ ਗਿਆ ਹੈ।''

*********

ਮੁੰਡਾ, ''ਤੁਸੀਂ ਕੁੜੀਆਂ ਇੰਨੀਆਂ ਸੋਹਣੀਆਂ ਕਿਉਂ ਹੁੰਦੀਆ ਹੋ?''

ਕੁੜੀ, ''ਕਿਉਂਕਿ ਰੱਬ ਨੇ ਸਾਨੂੰ ਆਪਣੇ ਹੱਥਾਂ ਨਾਲ ਬਣਾਇਆ ਹੈ।''

ਮੁੰਡਾ, ''ਬੋਲ ਤਾਂ ਇੰਝ ਰਹੀ ਏਂ ਜਿਵੇਂ ਸਾਨੂੰ ਕਿਸੇ ਮਿਸਤਰੀ ਨੂੰ ਠੇਕੇ 'ਤੇ ਦਿੱਤਾ ਹੋਵੇ।''

*********

ਮੁੰਡਾ (ਫੋਨ 'ਤੇ), ''ਸੋਹਣਿਓ, ਕੀ ਹਾਲ ਹੈ?''

ਕੁੜੀ, ਵੇ ਤੂੰ ਗੁੱਡੂ ਬੋਲਦਾ?

ਮੁੰਡਾ, ਹਾਂ। ਕੁੜੀ, ਵੇ ਤੂੰ ਰਾਜ ਕੁਮਾਰ ਦਾ ਮੁੰਡਾ ਬੋਲਦਾ? ਮੁੰਡਾ, ਹਾਂ ਜੀ।

ਕੁੜੀ, ਵੇ ਤੂੰ ਰੈਣਕ ਬਾਜ਼ਾਰ ਤੋਂ ਬੋਲਦਾ?

ਮੁੰਡਾ, ਹਾਂ, ਹਾਂ ਪਰ ਤੈਨੂੰ ਕਿੱਦਾਂ ਪਤਾ?

ਕੁੜੀ, ਵੇ ਮੈਂ ਤੇਰੀ ਮਾਂ ਬੋਲਦੀ, ਘਰ ਦਾ ਫੋਨ ਮਿਲਾ ਬੈਠਾ ਏਂ ਕੰਜਰਾ।






# ਲੋਕਤੰਤਰ ਦੀ ਪਰਿਭਾਸ਼ਾ ਬਦਲ ਦੇਵੇਗੀ ਇਕ ਦੇਸ਼, ਇਕ ਚੋਣ:ਗੁਰਮੀਤ ਪਲਾਹੀ

ਬਹੁਤ ਲੰਮੇ ਸਮੇਂ ਤੋਂ ਕੰਨਸੋਆਂ ਸਨ ਕਿ ਹਾਕਮ ਧਿਰ ਭਾਜਪਾ ਇਕ ਦੇਸ਼ ਇਕ ਚੋਣ ਦਾ ਅਮਲ ਦੇਸ਼ 'ਚ ਲਾਗੂ ਕਰੇਗੀ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਵਿਚਾਰ ਦੇ ਹਾਮੀ ਹਨ ਅਤੇ ਆਪਣੀ ਇੱਛਾ ਉਹ ਦੇਸ਼ ਦੀ ਪਾਰਲੀਮੈਂਟ 'ਚ ਦਰਸਾ ਚੁੱਕੇ ਹਨ ਅਤੇ ਉਸ ਮੌਕੇ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀ ਇਸ ਵਿਚਾਰ ਦੀ ਪ੍ਰੋੜਤਾ ਕੀਤੀ ਸੀ। "ਵਾਰ-ਵਾਰ ਕਰਵਾਈਆਂ ਜਾਂਦੀਆਂ ਚੋਣਾਂ ਨਾ ਸਿਰਫ਼ ਮਨੁੱਖੀ ਵਸੀਲਿਆਂ 'ਤੇ ਬੋਝ ਪਾਉਂਦੀਆਂ ਹਨ ਸਗੋਂ ਆਦਰਸ਼ ਚੋਣ ਜਾਬਤਾ ਲਾਗੂ ਹੋਣ ਕਾਰਨ ਵਿਕਾਸ ਨੂੰ ਵੀ ਧੀਮਾ ਕਰਦੀਆਂ ਹਨ"। ਇਸ ਵਿਚਾਰ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਇਕ 8 ਮੈਂਬਰੀ ਕਮੇਟੀ ਦਾ ਗਠਨ ਕੇਂਦਰ ਸਰਕਾਰ ਵਲੋਂ ਕੀਤਾ ਗਿਆ ਹੈ, ਜਿਸ ਦੀ ਅਗਵਾਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕਰਨਗੇ। ਇਹ ਕਦਮ ਆਚੰਭੇ ਵਾਲਾ ਹੈ। ਇਹ ਕਮੇਟੀ ਸੰਵਿਧਾਨ, ਜਨਪ੍ਰਤੀਨਿਧ ਐਕਟ ਅਤੇ ਕਿਸੇ ਵੀ ਹੋਰ ਕਾਨੂੰਨ ਅਤੇ ਨੇਮਾਂ ਦੀ ਪੜਤਾਲ ਕਰੇਗੀ ਅਤੇ ਉਹਨਾ ਲੋੜੀਂਦੀਆਂ ਸੋਧਾਂ ਦੀ ਸਿਫ਼ਾਰਸ਼ ਕਰੇਗੀ, ਜਿਸਦੀ ਇਕੱਠਿਆਂ ਚੋਣ ਕਰਵਾਉਣ ਦੇ ਉਦੇਸ਼ ਨਾਲ ਲੋੜ ਹੋਵੇਗੀ। ਕਮੇਟੀ ਇਹ ਵੀ ਪੜਤਾਲ ਕਰੇਗੀ ਅਤੇ ਸਿਫ਼ਾਰਸ਼ ਕਰੇਗੀ ਕਿ ਕੀ ਸੰਵਿਧਾਨਿਕ ਸੋਧ ਲਈ ਸੂਬਿਆਂ ਵਲੋਂ ਮੋਹਰ ਲਾਉਣ ਦੀ ਲੋੜ ਹੈ ਜਾਂ ਨਹੀਂ। ਕਮੇਟੀ ਬਹੁਮਤ ਨਾ ਮਿਲਣ, ਬੇਭਰੋਸਗੀ ਦੇ ਮਤੇ ਜਾਂ ਦਲ ਬਦਲੀ ਜਿਹੇ ਮੁੱਦਿਆਂ ਦਾ ਅਧਿਆਨ ਕਰਕੇ ਸੰਭਾਵਿਤ ਹੱਲ ਦੀ ਸਿਫ਼ਾਰਸ਼ ਵੀ ਕਰੇਗੀ।

ਆਖ਼ਿਰ ਇਸ ਵਿਚਾਰ ਦੇ ਅਰਥ ਕੀ ਹਨ? ਇਸ ਦਾ ਸਿੱਧਾ ਜਵਾਬ ਹੈ ਕਿ ਦੇਸ਼ ਦੀ ਲੋਕ ਸਭਾ, ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ, ਨਗਰ ਨਿਗਮਾਂ ਅਤੇ ਪੰਚਾਇਤ ਸੰਸਥਾਵਾਂ ਚੋਣਾਂ ਇਕੋ ਸਮੇਂ ਕਰਵਾਈਆਂ ਜਾਣ। ਜਦੋਂ ਦੇਸ਼ ਅਜ਼ਾਦ ਹੋਇਆ ਸੀ ਤਾਂ ਪਹਿਲੀ ਚੋਣ 1952 'ਚ ਹੋਈ ਸੀ, ਜਿਸ ਵਿਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਈਆਂ। ਫਿਰ ਸਾਲ 1957, 1962, 1967 ਵਿਚ ਇਕੋ ਵੇਲੇ ਚੋਣਾਂ ਹੋਈਆਂ। ਪਰ ਉਸ ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਨਾ ਹੋਈਆਂ। ਕਾਰਨ ਸੀ ਕਿ 1967 ਵਿੱਚ ਸੂਬਿਆਂ ਵਿਚ ਕੁਝ ਸਰਕਾਰਾਂ ਵਿਰੋਧੀ ਧਿਰ ਦੀਆਂ ਬਣੀਆਂ, ਜਿਹਨਾਂ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਮੇਂ ਤੋਂ ਪਹਿਲਾਂ ਭੰਗ ਕਰਵਾਕੇ ਨਵੇਂ ਸਿਰੇ ਤੋਂ ਚੋਣਾਂ ਕਰਵਾ ਦਿੱਤੀਆਂ। ਇੰਜ ਇਕੋ ਵੇਲੇ ਦੀ ਚੋਣਾਂ ਦੀ ਲੜੀ ਟੁੱਟ ਗਈ।

ਇਥੇ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ 'ਚ ਇਕੋ ਸਮੇਂ ਚੋਣ ਅਮਲ ਲਾਗੂ ਕਰਨਾ ਸੰਭਵ ਹੈ ਜਾਂ ਫਿਰ ਇਹ ਚੋਣ ਸਟੰਟ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਇਕੋ ਵੇਲੇ ਕਰਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਿਕ ਸੋਧਾਂ ਕਰਨੀਆਂ ਪੈਣਗੀਆਂ।

ਉਸ ਵਿਚ ਧਾਰਾ 83 ਸਦਨਾਂ ਦੇ ਸਮੇਂ ਸੰਬੰਧੀ ਹੈ, ਧਾਰਾ 85 ਲੋਕ ਸਭਾ ਭੰਗ ਕਰਨ ਸਬੰਧੀ ਹੈ, ਧਾਰਾ 172 ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਮੇਂ ਸਬੰਧੀ ਹੈ, ਧਾਰਾ 174 ਸੂਬਿਆਂ ਦੀਆਂ ਸਰਕਾਰਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਸਬੰਧੀ ਹੈ ਅਤੇ ਧਾਰਾ 356 ਸੂਬਿਆਂ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਸਬੰਧੀ ਹੈ। ਦੇਸ਼ ਵਿਚ ਚੋਣਾਂ ਜੂਨ 2024 'ਚ ਹੋਣੀਆਂ ਹਨ। ਜੇਕਰ ਇਕ ਦੇਸ਼ ਇਕ ਚੋਣ ਲਾਗੂ ਕਰਨ ਦਾ ਅਮਲ ਸ਼ੁਰੂ ਹੁੰਦਾ ਹੈ ਤਾਂ ਲੋਕ ਸਭਾ ਸਮੇਂ ਤੋਂ ਪਹਿਲਾਂ ਭੰਗ ਕਰਨੀ ਪਵੇਗੀ, ਕਿਉਂਕਿ ਪੰਜ ਰਾਜਾਂ ਮਿਜ਼ੋਰਮ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਰਾਜਸਥਾਨ 'ਚ ਚੋਣਾਂ ਹੋਣ ਵਾਲੀਆਂ ਹਨ। ਇੰਜ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਭਾਵ ਨਵੰਬਰ, ਦਸੰਬਰ 2023 'ਚ ਕਰਨੀਆਂ ਪੈਣਗੀਆਂ ਅਤੇ ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਅਤੇ ਅਰੁਨਾਚਲ ਪ੍ਰਦੇਸ਼ ਦੇ ਵਿੱਚ ਵੀ ਚੋਣਾਂ ਮਈ-ਜੂਨ 2024 'ਚ ਹੋਣੀਆਂ ਹਨ, ਪਰ ਜੇਕਰ ਇਕੋ ਵੇਲੇ ਚੋਣਾਂ ਕਰਾਉਣ ਦੀ ਗੱਲ ਪੱਕੀ ਹੁੰਦੀ ਹੈ ਤਾਂ ਇਹਨਾਂ ਵਿਧਾਨ ਸਭਾਵਾਂ ਨੂੰ ਭੰਗ ਕਰਕੇ ਇਸ ਨੂੰ ਅਮਲ ਵਿਚ ਲਿਆਉਣਾ ਪਵੇਗਾ। ਫਿਰ ਚੁਣੀਆਂ ਨਗਰ ਪਾਲਿਕਾਵਾਂ ਅਤੇ ਪੰਚਾਇਤ ਸੰਸਥਾਵਾਂ ਦਾ ਕੀ ਬਣੇਗਾ? ਪਰ ਜਿਹਨਾਂ ਸੂਬਿਆਂ 'ਚ ਚੋਣਾਂ 2020, 2021, 2022 ਅਤੇ 2023 'ਚ ਹੋਈਆਂ ਹਨ ਅਤੇ ਲੋਕਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਸੱਤਾ ਸੌਂਪੀ ਸੀ, ਉਹਨਾਂ ਸੂਬਾਂ ਸਰਕਾਰਾਂ ਦਾ ਕੀ ਹੋਏਗਾ ਕਿਉਂਕਿ ਇਹਨਾਂ ਵਿਚੋਂ ਬਹੁਤੀਆਂ ਭਾਜਪਾ ਵਿਰੋਧੀ ਹਨ ਅਤੇ ਉਹ ਆਪੋ ਆਪਣੀਆਂ ਵਿਧਾਨ ਸਭਾਵਾਂ 'ਚ ਵਿਧਾਨ ਸਭਾ ਭੰਗ ਕਰਨ ਦੇ ਮਤੇ ਨਹੀਂ ਪਾਉਂਣਗੀਆਂ ਕਿਉਂਕਿ ਦੇਸ਼ ਦੀਆਂ 28 ਸਿਆਸੀ ਪਾਰਟੀਆਂ ਜੋ ਇਕ ਬੈਨਰ ਇੰਡੀਆ ਹੇਠ ਇਕੱਠੀਆਂ ਹੋਈਆਂ ਹਨ। ਉਹਨਾਂ ਨੇ ਸਰਕਾਰ ਦੇ ਇਕ ਦੇਸ਼ ਇਕ ਚੋਣ ਦੇ ਵਿਚਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸੰਘੀ ਢਾਂਚੇ ਉੱਪਰ ਬਹੁਤ ਵੱਡਾ ਹਮਲਾ ਹੈ।

ਦੇਸ਼ ਦੀ ਹਾਕਮ ਧਿਰ ਇਹ ਕਹਿੰਦੀ ਹੈ ਕਿ ਇਕ ਦੇਸ਼ ਇਕ ਚੋਣ ਸਮੇਂ ਦੀ ਲੋੜ ਹੈ। ਉਸ ਅਨੁਸਾਰ ਇਕੋ ਵੇਲੇ ਚੋਣਾਂ ਕਰਾਉਣ ਨਾਲ ਸਰਕਾਰੀ ਖਜ਼ਾਨੇ ਨੂੰ ਭਾਰੀ ਬੱਚਤ ਹੋਏਗੀ ਅਤੇ ਵਾਰ-ਵਾਰ ਚੋਣਾਂ ਕਰਾਉਣ ਨਾਲ ਪ੍ਰਸ਼ਾਸਨਿਕ ਅਤੇ ਕਾਨੂੰਨ ਵਿਵਸਥਾ ਸਬੰਧੀ ਪੈਦਾ ਹੁੰਦੀਆਂ ਉਲਝਣਾਂ ਤੋਂ ਛੁਟਕਾਰਾ ਮਿਲੇਗਾ। ਉਹਨਾਂ ਅਨੁਸਾਰ ਦੇਸ਼ 'ਚ ਚੋਣਾਂ ਜਾਂ ਉਪ ਚੋਣਾਂ ਕਾਰਨ ਜੋ ਚੋਣ ਜਾਬਤਾ ਲਗਦਾ ਹੈ ਅਤੇ ਵਿਕਾਸ ਦੇ ਕੰਮ ਇਸ ਸਮੇਂ ਰੋਕਣੇ ਪੈਂਦੇ ਹਨ, ਉਸ ਤੋਂ ਛੁਟਕਾਰਾ ਮਿਲੇਗਾ ਅਤੇ ਕਲਿਆਣਕਾਰੀ ਯੋਜਨਾਵਾਂ ਉੱਤੇ ਉਲਟ ਅਸਰ ਚੋਣਾਂ ਕਾਰਨ ਨਹੀਂ ਪਵੇਗਾ। ਪਰ ਸਵਾਲ ਤਾਂ ਵੱਡਾ ਇਹ ਹੈ ਕਿ ਜਦੋਂ ਕੇਂਦਰ 'ਚ ਕਾਬਜ ਹਾਕਮ ਧਿਰ ਵਿਰੋਧੀ ਪਾਰਟੀ ਦੀਆਂ ਚੁਣੀਆਂ ਸਰਕਾਰਾਂ ਨੂੰ ਭੰਗ ਕਰ ਦੇਵੇਗੀ, ਤਾਂ ਫਿਰ ਉਹਨਾਂ ਰਾਜਾਂ ਵਿਚ ਚੋਣ ਅਮਲ ਕੀ ਰੁਕਿਆ ਰਹੇਗਾ ਅਤੇ ਉਸ ਸਮੇਂ ਤੱਕ ਸੂਬਾ ਉਡੀਕ ਕਰੇਗਾ ਅਤੇ ਰਾਸ਼ਟਰਪਤੀ ਰਾਜ ਸਹਿੰਦਾ ਰਹੇਗਾ, ਜਦੋਂ ਤੱਕ ਅਗਲੀ ਲੋਕ ਸਭਾ ਚੋਣ ਨਹੀਂ ਕਰਵਾਈ ਜਾਂਦੀ।

ਦੇਸ਼ ਦੀ ਸਰਕਾਰ ਨੇ 18 ਸਤੰਬਰ ਤੋਂ 24 ਸਤੰਬਰ 2023 ਤੱਕ ਪਾਰਲੀਮੈਂਟ ਦਾ ਇਜਲਾਸ ਸੱਦਿਆ ਹੈ। ਸੰਭਵ ਹੈ ਕਿ ਇਹ ਮੁੱਦਾ ਵਿਚਾਰਿਆ ਜਾਵੇ। ਪਰ ਕੀ ਸਰਕਾਰ, ਦੇਸ਼ ਦੀ ਵਿਰੋਧੀ ਧਿਰ ਨੂੰ ਇਸ ਸਬੰਧੀ ਮਨਾਉਣ ਸਫ਼ਲ ਹੋਵੇਗੀ? ਵਿਰੋਧੀ ਧਿਰ ਤਾਂ ਭਾਜਪਾ ਉੱਤੇ ਇਲਜਾਮ ਲਗਾ ਰਹੀ ਹੈ ਕਿ ਇਹ ਭਾਜਪਾ ਦੀ ਚੋਣਾਂ 'ਚ ਲਾਹਾ ਲੈਣ ਦੀ ਤਰਕੀਬ ਹੈ।

ਅਸਲ ਵਿੱਚ ਭਾਜਪਾ ਅਗਲੀਆਂ 2024 ਦੀਆਂ ਚੋਣਾਂ 'ਚ ਹਰ ਹੀਲੇ ਮੁੜ ਸੱਤਾ 'ਤੇ ਕਾਬਜ ਹੋਣ ਲਈ ਪੱਬਾਂ ਭਾਰ ਹੋਈ ਪਈ ਹੈ। ਉਸ ਉੱਤੇ ਇਕ ਦੇਸ਼, ਇਕ ਧਰਮ, ਇਕ ਬੋਲੀ ਲਾਗੂ ਕਰਨ ਦੇ ਇਲਜਾਮ ਵੀ ਲੱਗ ਰਹੇ ਹਨ ਅਤੇ ਇਹ ਵੀ ਇਲਜਾਮ ਲੱਗਦੇ ਹਨ ਕਿ ਉਸ ਵਲੋਂ ਦੇਸ਼ ਵਿਚ ਫਿਰਕੂ ਪਾੜਾ ਪਾਉਣ ਦੇ ਯਤਨ ਹੋ ਰਹੇ ਹਨ।

ਭਾਜਪਾ ਦੇਸ਼ ਵਿਚ ਘੱਟ ਗਿਣਤੀਆਂ ਨੂੰ ਪਿੱਛੇ ਧੱਕ ਕੇ ਧਰਮ ਅਧਾਰਤ ਰਾਜ ਦੀ ਸਥਾਪਨਾ ਦਾ ਜੋ ਏਜੰਡਾ ਲਾਗੂ ਕਰਨ ਦੇ ਰਾਹ ਉੱਤੇ ਹੈ, ਉਸ ਲਈ ਇਕ ਦੇਸ਼ ਇਕ ਚੋਣ ਵਰਗਾ ਅਮਲ ਇਕ ਵੱਡੀ ਪੁਲਾਂਘ ਸਾਬਤ ਹੋਵੇਗਾ। ਇਸ ਅਮਲ ਦੇ ਲਾਗੂ ਹੋਣ ਨਾਲ ਇਕੋ ਸਖ਼ਸ ਨਰੇਂਦਰ ਮੋਦੀ ਦਾ ਅਕਸ ਹਰ ਥਾਂ ਉਭਾਰਨ ਦਾ ਯਤਨ ਹੋਵੇਗਾ। ਭਾਵੇਂ ਕਿ ਸੂਬਿਆਂ ਦੀਆਂ ਸਰਕਾਰਾਂ ਦੀ ਚੋਣ ਵਿਚ ਕੁਝ ਸਥਾਨਕ ਮੁੱਦੇ ਵੀ ਕੰਮ ਕਰਦੇ ਹਨ ਅਤੇ ਰਾਸ਼ਟਰ ਚੋਣਾਂ 'ਚ ਕੁੱਝ ਹੋਰ ਮੁੱਦੇ। ਇਸ ਅਮਲ ਦੇ ਲਾਗੂ ਹੁੰਦਿਆਂ ਲੋਕ ਭੰਬਲਭੂਸੇ ਵਾਲੀ ਸਥਿਤੀ 'ਚ ਫਸਣਗੇ।

ਪਰ ਸਵਾਲ ਇਹ ਵੀ ਉੱਠਦਾ ਹੈ ਕਿ ਦੇਸ਼ ਵਿਚ ਕੇਂਦਰ, ਸੂਬਾ ਸਰਕਾਰਾਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੁੰਦੀਆਂ ਹਨ ਜੋ ਕਿ ਸੰਵਿਧਾਨਕ ਅਮਲ ਹੈ, ਪਰ ਇਕ ਦੇਸ਼ ਇਕ ਚੋਣ 'ਚ ਕੇਂਦਰ, ਸੂਬਾ ਅਤੇ ਸਥਾਨਕ ਸਰਕਾਰਾਂ ਦੀ ਚੋਣ ਇਕੋ ਵੇਲੇ ਕਰਵਾਏ ਜਾਣਾ ਕੀ ਸੰਭਵ ਹੋਏਗਾ? ਕੀ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਲੋਕ ਇਸ ਸਮੁੱਚੇ ਅਮਲ ਕੇਂਦਰ, ਰਾਜ, ਸਥਾਨਕ ਸਰਕਾਰਾਂ ਦੀ ਚੋਣ 'ਚ ਇਕੋ ਵੇਲੇ ਯੋਗ ਉਮੀਦਵਾਰਾਂ ਦੀ ਚੋਣ ਕਰ ਸਕਣਗੇ? ਕੀ ਸਥਾਨਕ ਮੁੱਦੇ ਇਸ ਅਮਲ 'ਚ ਲੁਪਤ ਹੋ ਕੇ ਨਹੀਂ ਰਹਿ ਜਾਣਗੇ? ਕੀ ਇਲਾਕਾਈ ਪਾਰਟੀਆਂ ਦੀ ਹੋਂਦ ਨੂੰ ਖ਼ਤਰਾ ਨਹੀਂ ਪੈਦਾ ਹੋ ਜਾਏਗਾ?ਉਂਜ ਵੀ ਇਕੋ ਵੇਲੇ ਚੋਣਾਂ ਕਰਾਉਣ ਲਈ ਈਵੀਐਮ ਮਸ਼ੀਨ ਕਰੀਦਣ ਲਈ 2019 'ਚ ਖ਼ਰਚੇ ਦਾ ਅੰਦਾਜ਼ਾ ਚੋਣ ਕਮਿਸ਼ਨ ਨੇ 4500 ਕਰੋੜ ਲਗਾਇਆ ਸੀ ਅਤੇ ਈਵੀਐਮ ਮਸ਼ੀਨਾਂ ਦੀ ਮਿਆਦ 15 ਸਾਲ ਹੁੰਦੀ ਹੈ ਭਾਵ ਸਿਰਫ਼ ਤਿੰਨ ਵੇਰ ਚੋਣਾਂ ਲਈ ਇਹ ਮਸ਼ੀਨ ਵਰਤੀ ਜਾਏਗੀ। ਕੀ ਇਹ ਖ਼ਰਚੀਲਾ ਪ੍ਰਬੰਧ ਨਹੀਂ ਹੋਏਗਾ? ਉਂਜ ਵੀ ਜਦੋਂ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਤੋਂ ਇਸ ਸਬੰਧੀ 2019 'ਚ ਰਾਏ ਮੰਗੀ ਸੀ ਤਾਂ ਕਾਂਗਰਸ, ਭਾਜਪਾ ਨੇ ਕੋਈ ਰਾਏ ਨਹੀਂ ਸੀ ਦਿੱਤੀ ਜਦਕਿ ਏਆਈਡੀਐਮਕੇ, ਸ਼੍ਰੋਮਣੀ ਅਕਾਲੀ ਦਲ(ਬਾਦਲ) ਐਸਪੀ, ਟੀਆਰਐਸ ਕੁੱਲ ਚਾਰ ਪਾਰਟੀਆਂ ਇਸਦੇ ਹੱਕ ਵਿੱਚ ਸਨ ਜਦਕਿ 9 ਸਿਆਸੀ ਪਾਰਟੀਆਂ ਟੀਐਮਸੀ, ਆਪ, ਡੀਐਮਕੇ, ਟੀਡੀਪੀ, ਸੀਪੀਆਈ, ਸੀਪੀਐਮ, ਜੇਡੀਐਸ, ਗੋਆ ਫਾਰਵਡ ਬਲੋਕ ਆਦਿ ਇਸਦੇ ਵਿਰੋਧ ਵਿੱਚ ਸਨ।

ਜੇਕਰ ਪਾਰਲੀਮੈਂਟ ਵਿੱਚ 18 ਤੋਂ 24 ਸਤੰਬਰ 2023 ਨੂੰ ਇਸ ਉਤੇ ਵਿਚਾਰ ਚਰਚਾ ਹੁੰਦੀ ਹੈ, ਕੋਵਿੰਦ ਕਮੇਟੀ ਵਲੋਂ ਸਿਫ਼ਾਰਸ਼ਾਂ ਨੂੰ ਬਾਅਦ ਵਿੱਚ ਪ੍ਰਵਾਨ ਕਰ ਲਿਆ ਜਾਂਦਾ ਹੈ ਅਤੇ ਇਸ 'ਤੇ ਅਮਲ ਕਰਕੇ ਇੱਕ ਦੇਸ਼ ਇੱਕ ਚੋਣ ਪ੍ਰੀਕਿਰਿਆ ਨੂੰ ਲਾਗੂ ☞


GARCHA Plumbing Heating & Repair Ltd.



15 Yrs Experience

ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha
604-306-3276
Big Or Small, We Do It All



Full Cleaning Service

ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਫੋਨ ਕਰੋ
604-518-4698



The Grand Taj

THE GRAND TAJ BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਮਿੰਨੀ ਕਹਾਣੀ

## ਰਸਤਾ



ਮੰਗਤ ਕੁਲਜਿੰਦ

“ਵੱਡੇ ਪਾ... ਦੱਸੋ ਨਾ.. ਵੱਡੀ ਮੰਮਾ ਦਾ ਨਾਂ... ਮੈਂ ਹੁਣੇ ਹੀ ਲੱਭ ਲਿਆਉਣਾ।” ਕੰਮਪਿਊਟਰ ਉਪਰ ਫੇਸ ਬੁਕ

ਖੋਲ੍ਹ ਕੇ ਬੈਠੇ ਪੰਜ ਸਾਲਾਂ ਦੇ ਸੈਟੀ ਨੇ ਆਪਣੇ ਦਾਦੇ ਲਛਮਣ ਨੂੰ ਪੁੱਛਿਆ।

“ ਬੇਟੇ ਤੇਰੀ ਵੱਡੀ ਮੰਮਾ ਤਾਂ ਰੱਬ ਕੋਲ ਚਲੀ ਗਈ..ਮੈਨੂੰ ਕੱਲਿਆਂ ਛੱਡਕੇ।” ਲਛਮਣ ਲੱਗਭੱਗ ਰੋ ਹੀ ਪਿਆ ਸੀ।

“ਤੁਸੀਂ ਨਾਂ ਦੱਸੋ ਇਕੇਰਾਂ.. ਆਹ ਕੰਮਪਿਊਟਰ ਤਾਂ ਸੂਰਜ ਤੋਂ ਦੂਰ ਦੀਆਂ ਚੀਜ਼ਾਂ ਵੀ ਲੱਭ ਲਿਆਉਂਦੈ।” ਸੈਟੀ ਦੇ ਦੁਆਰਾ ਪੁੱਛਣ ਤੇ ਜਿਉਂ ਹੀ ਲਛਮਣ ਨੇ ਕਿਹਾ,“ਸਵਿੱਤਰੀ” ਅੱਖ ਝਪਕਦਿਆਂ ਸੈਟੀ ਨੇ ਫੀਡ ਕਰਕੇ ਬਟਨ ਦਬਾ ਦਿੱਤਾ।“ਲਉ ਵੱਡੇ ਪਾ.... ਪਛਾਣੋ ਕੇਹੜੀ ਐ ਵੱਡੀ ਮੰਮਾ ?” ਡੈਸਕਟਾਪ *ਤੇ ਦਿਸ ਰਹੀਆਂ ਅਨੇਕਾਂ ਸਵਿੱਤਰੀ ਨਾਂ ਦੀਆਂ ਫੋਟੋਆਂ ਨੂੰ ਸੈਟੀ ਛੇਤੀ ਛੇਤੀ ਕਲਿਕ ਕਰਕੇ ਪੁੱਛ ਰਿਹਾ ਸੀ,“ ਆਹ ਐ... ਆਹ ਐ..... ਆਹ ਐ...?”ਸਕੂਲ ਦੀ ਵੈਨ ਦਾ ਹਾਰਨ ਅਤੇ ਮੰਮੀ ਦੀ ਘੂਰਕੀ,“ਕਦੇ ਛੱਡ ਦਿਆ ਕਰ ਇਹਦਾ ਖਹਿੜਾ! ਆਜਾ ਭੱਜ ਕੇ, ਲੇਟ ਹੋਜੇਂਗਾ...।” ਤੇ ਭੱਜਿਆ ਜਾਂਦਾ ਸੈਟੀ ਲਛਮਣ ਨੂੰ ਨਸੀਹਤ ਦੇ ਗਿਆ ਸੀ,“ਵੱਡੇ ਪਾ ਤੁਸੀਂ ਆਹ ਬਟਨ ਕਲਿਕ ਕਰੀ ਜਾਇਉ ਤੇ ਵੱਡੀ ਮੰਮਾ ਨੂੰ ਪਛਾਣ ਕੇ ਲੱਭ ਲਿਉ।”ਨੂੰਹ ਪੁੱਤ ਡਿਊਟੀ ਚਲੇ ਜਾਂਦੇ। ਪੋਤਾ ਸੈਟੀ ਸਕੂਲੇ ਚਲਾ ਜਾਂਦਾ।ਸੁਭਾ 9 ਵਜੇ ਤੋਂ ਲੈਕੇ ਦੁਪਹਿਰ ਇਕ ਵਜੇ ਤੱਕ ਦਾ ਸਮਾਂ ਲਛਮਣ ਨੂੰ ਇਕੱਲਿਆਂ ਗੁਜਾਰਨਾ ਔਖਾ ਹੋ ਜਾਂਦਾ। ਅਖਬਾਰ ਪੜ੍ਹਕੇ,ਟੀ.ਵੀ.ਵੇਖ ਕੇ ਵੀ ਮਨ ਅੱਕ ਜਾਂਦਾ। ਇਸ ਵੇਲੇ ਪਾਰਕ *ਚ ਵੀ ਕੋਈ ਨਾ ਹੁੰਦਾ।ਤੇ ਅੱਜ ਜਿਉਂ ਹੀ ਉਸਦਾ ਪੁੱਤਰ ਸੰਜੇ ਡਿਊਟੀ ਤੋਂ ਘਰ ਆਇਆ ਲਛਮਣ ਨੇ ਆ ਘੇਰਿਆ,“ਪੁੱਤ ਸੰਜੇ ਕੀ ਆ ਮਸ਼ੀਨ ਜਹੀ ਰੱਬ ਨਾਲ ਵੀ ਜੁੜ ਜਾਂਦੀ ਹੈ?”

“ਪਾਪਾ ਜੀ ਰੱਬ ਨਾਲ ਤਾਂ ਜੁੜੇ ਜਾਂ ਨਾ ਜੁੜੇ ਪਰ ਇਸ ਉਪਰ ਇਤਿਹਾਸ, ਮਿਥਿਹਾਸ, ਪੁਰਾਣੀਆਂ ਸੱਭਿਆਤਾਵਾਂ, ਪੁਰਾਣੀਆਂ ਫਿਲਮਾਂ, ਗੱਲ ਕੀਖ਼ ਤੁਸੀਂ ਸਾਰੇ ਸੰਸਾਰ ਨੂੰ ਅੱਖ ਦੇ ਫੋਰ *ਚ ਵੇਖ ਸਕਦੇ ਹੋ। ਕਿਤੇ ਵੀ ਵਸੇ ਪੁਰਾਣੇ ਸਾਥੀਆਂ ਨਾਲ ਆਹਮਨੇ ਸਾਹਮਨੇ ਗੱਲਾਂ ਕਰ ਸਕਦੇ ਹੋ।”

“ਫੇਰ ਤਾਂ ਪੁੱਤਰ ਮੈਨੂੰ ਵੀ ਹੁਣੇ ਸਿਖਾਦੇ।”

ਸੰਜੇ ਹੈਰਾਨ ਸੀ ਕਿ ਅੱਜ ਪਾਪਾ ਜੀ ਨੂੰ ਕੀ ਹੋ ਗਿਆ ਮੈਂ ਤਾਂ ਬੜੇ ਚਿਰਾਂ ਤੋਂ ਕਹਿੰਦਾ ਆ ਰਿਹਾ ਸੀ ਬਈ ਪਾਪਾ ਜੀ ਸਿੱਖ ਲਉ ਕੰਮਪਿਊਟਰ ਸਿੱਖ ਲਉ,ਵਿਹਲਾ ਟਾਈਮ ਵਧੀਆ ਪਾਸ ਹੋ ਜਾਂਦੈ। ਪਰ ਕਦੇ ਹਾਂ ਨਾ ਕਰਨ ਵਾਲੇ ਪਾਪਾ ਜੀ ਅੱਜ ਇੰਨੇ ਉਤਾਵਲੇਂ ਚੱਲੋ, ਉਂਝ ਚੰਗਾ ਹੀ ਹੈ, ਇਹਨਾਂ ਦਾ ਵਿਹਲਾ ਸਮਾਂ ਵਧੀਆ ਲੰਘ ਜਿਆ ਕਰੂ। ਉਦੋਂ ਹੀ ਸੈਟੀ ਦੀ ਆਵਾਜ਼ ਆਈ,“ਵੱਡੇ ਪਾ ... ਆਜੋ ਹੋਰ ਕਿੰਨੀਆਂ ਹੀ ਵੱਡੀਆਂ ਮੰਮਾ ਆ ਗਈਆਂ, ਪਛਾਣੋ ਕਿਹੜੀ ਐ ਮੇਰੀ ਵੱਡੀ ਮੰਮਾ?”

# ਚੋਣ ਕਮਿਸ਼ਨ ਵੱਲੋਂ ਫਰਵਰੀ ਦੇ ਅੱਧ ਤੱਕ ਚੋਣਾਂ ਕਰਵਾਉਣ ਦਾ ਭਰੋਸਾ

ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਚੋਣਾਂ ਬਾਰੇ ਤੌਖਲੇ ਦੂਰ ਕਰਨ ਦੀ ਕੋਸ਼ਿਸ਼ ਕਰਦਿਆਂ ਸਿਆਸੀ ਪਾਰਟੀਆਂ ਨੂੰ ਭਰੋਸਾ ਦਿੱਤਾ ਕਿ ਅਗਲੇ ਸਾਲ ਜਨਵਰੀ ਦੇ ਅੰਤ ਵਿੱਚ ਜਾਂ ਅੱਧ ਫਰਵਰੀ ’ਚ ਆਮ ਚੋਣਾਂ ਕਰਵਾਈਆਂ ਜਾਣਗੀਆਂ। ‘ਡਾਅਨ’ ਅਖ਼ਬਾਰ ਨੇ ਅੱਜ ਇਹ ਖ਼ਬਰ ਦਿੱਤੀ ਕਿ ਪਾਕਿਸਤਾਨ ਚੋਣ ਕਮਿਸ਼ਨ (ਈਸੀਪੀ) ਨੇ ਅਵਾਮੀ ਨੈਸ਼ਨਲ ਪਾਰਟੀ (ਏਐੱਨਪੀ) ਦੇ ਨੇਤਾਵਾਂ ਨੂੰ ਚੋਣ ਸੰਸਥਾ ਨਾਲ ਮੀਟਿੰਗ ’ਚ ਇਹ ਭਰੋਸਾ ਦਿੱਤਾ ਹੈ। ਮੀਟਿੰਗ ਬੁੱਧਵਾਰ ਨੂੰ ਮੁੱਖ ਚੋਣ ਕਮਿਸ਼ਨਰ (ਸੀਈਸੀ) ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਈਸੀਪੀ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ। ਏਐੱਨਪੀ ਦੇ ਵਫ਼ਦ ਦੀ ਨੁਮਾਇੰਦਗੀ ਪਾਰਟੀ ਦੇ ਜਨਰਲ ਸਕੱਤਰ ਇਫ਼ਤਿਖਾਰ ਹੁਸੈਨ ਨੇ ਕੀਤੀ, ਜਿਸ ਵਿੱਚ ਪਾਰਟੀ ਤਰਜਮਾਨ ਜਾਹਿਦ ਖ਼ਾਨ ਅਤੇ ਪਾਰਟੀ ਨੇਤਾ ਖੁਸ਼ਦਿਲ ਖ਼ਾਨ ਮੈਂਬਰ ਸਨ।ਦੱਸਣਯੋਗ ਹੈ ਕਿ ਪਾਕਿਸਤਾਨ ਦੀ ਕੌਮੀ ਅਸੈਂਬਲੀ ਲੰਘੀ 9 ਅਗਸਤ ਨੂੰ ਭੰਗ ਕਰ ਦਿੱਤੀ ਗਈ ਸੀ। ਕੌਮੀ ਅਸੈਂਬਲੀ ਭੰਗ ਹੋਣ ਦੇ 90 ਦਿਨਾਂ ਦੀ ਤੈਅ ਮਿਆਦ ’ਚ ਚੋਣ ਕਰਵਾਈ ਜਾਣੀ ਜ਼ਰੂਰੀ ਹੁੰਦੀ ਹੈ। ਰਾਸ਼ਟਰਪਤੀ ਆਰਿਫ ਅਲਵੀ ਨੇ ਅਨਵਰ-ਉਲ-ਹੱਕ ਨੂੰ ਨਵੀਆਂ ਚੋਣਾਂ ਹੋਣ ਤੱਕ ਕਾਰਜਕਾਰੀ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਸੀ। ਹਾਲਾਂਕਿ ਚੋਣ ਕਮਿਸ਼ਨ ਵੱਲੋਂ ਨਵੀਂ ਜਨਗਣਨਾ ਦੇ ਆਧਾਰ ’ਤੇ ਹਲਕਿਆਂ ਦੀ ਨਵੇਂ ਸਿਰੇ ਤੋਂ ਹੱਦਬੰਦੀ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ, ਜਿਸ ਕਾਰਨ ਆਮ ਚੋਣਾਂ ’ਚ ਦੇਰੀ ਹੋਣ ਦੀ ਸੰਭਾਵਨਾ ਬਣ ਗਈ।

☞ ਕਰ ਦਿੱਤਾ ਜਾਂਦਾ ਹੈ ਤਾਂ ਭਾਰਤ ਦੁਨੀਆ ਭਰ ਵਿੱਚ ਚੌਥਾ ਇਹੋ ਜਿਹਾ ਦੇਸ਼ ਬਣ ਜਾਏਗਾ ਜਿਥੇ ਇੱਕ ਦੇਸ਼ ਇਕ ਚੋਣ ਕਰਵਾਈ ਜਾਂਦੀ ਹੈ। ਦੂਜੇ ਹੋਰ ਤਿੰਨ ਦੇਸ਼ ਬੈਲਜੀਅਮ ਜਿਸਦੀ ਆਬਾਦੀ 2021 ‘ਚ 1ਕਰੋੜ 16 ਲੱਖ ਸੀ, ਸਵੀਡਨ ਜਿਸਦੀ ਆਬਾਦੀ 1 ਕਰੋੜ 4 ਲੱਖ ਸੀ ਅਤੇ ਸਾਊਥ ਅਫ਼ਰੀਕਾ ਜਿਸਦੀ ਆਬਾਦੀ 5 ਕਰੋੜ 94 ਲੱਖ ਸੀ, ਸ਼ਾਮਲ ਹਨ ਪਰ ਕੀ 140 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਇਸ ਵਿਸ਼ਾਲ ਦੇਸ਼ ਵਿੱਚ ਕੀ ਐਡੀ ਵੱਡੀ ਪ੍ਰੀਕਿਰਿਆ ਸਫ਼ਲਤਾ ਨਾਲ ਲਾਗੂ ਕੀਤੀ ਜਾ ਸਕੇਗੀ?ਇਕ ਹੋਰ ਸਵਾਲ ਇਹ ਕਿ ਲੋਕ ਸਭਾ, ਵਿਧਾਨ ਸਭਾਵਾਂ ਜਾਂ ਸਥਾਨਕ ਸਰਕਾਰਾਂ ਦੇ ਇਕੋ ਵੇਲੇ ਸੰਯੁਕਤ ਪ੍ਰੀਕਿਰਿਆ ਲਾਗੂ ਹੋਣ ‘ਤੇ ਕੀ ਜਦੋਂ ਕਦੇ ਲੋਕ ਸਭਾ ਨੂੰ ਅਗਾਊਂ ਭੰਗ ਕਰਨ ਦੀ ਸਥਿਤੀ ਬਣ ਜਾਂਦੀ ਹੈ ਤਾਂ ਕੀ ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਵੀ ਭੰਗ ਹੋ ਜਾਣਗੀਆਂ ਤੇ ਮੁੜ ਨਾਲ ਹੀ ਇਹਨਾਂ ਸੰਸਥਾਵਾਂ ਦੀ ਚੋਣ ਹੋਵੇਗੀ ਤਾਂ ਫਿਰ ਦੇਸ਼ ਦੇ ਸੰਘੀ ਢਾਂਚੇ ਦੀ ਸੰਵਿਧਾਨਕ ਤੌਰ ‘ਤੇ ਸੰਘੀ ਨਹੀਂ ਘੁੱਟੀ ਜਾਏਗੀ। ਕੀ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਫਿਰ ਆਪਣੀ ਹੋਂਦ ਨਹੀਂ ਗੁਆ ਬੈਠੇਗਾ? ਅਸਲ ‘ਚ ਭਾਜਪਾ ਦਾ ਨਿਸ਼ਾਨਾ ਤਾਂ ਇਕੋ ਹੈ, ਉਹ ਇਹ ਹੈ ਕਿ ‘’ਮੋਦੀ ਫੈਕਟਰ’’ ਵਰਤਕੇ, ਲੋਕ ਸਭਾ, ਸੂਬਾ ਸਰਕਾਰਾਂ ‘ਚ ਆਪਣੇ ਨੁਮਾਇੰਦਿਆਂ ਰਾਹੀਂ ਸਰਕਾਰਾਂ ‘ਤੇ ਕਬਜਾ ਕਰ ਲਿਆ ਜਾਵੇ ਅਤੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦਾ ਅਮਲ ਆਰੰਭਿਆ ਜਾਏ ਜਿਸਦੀ ਚਰਚਾ ਇਹਨਾਂ ਦਿਨਾਂ ‘ਚ ਆਮ ਹੈ। ਭਾਜਪਾ ਦੀ ਮਨਸ਼ਾ ਇਹ ਹੈ ਕਿ ਅਤੇ ਦੇਸ਼ ‘ਚ ਸੂਬਿਆਂ ਦੀਆਂ ਸਰਕਾਰਾਂ ਨੂੰ ਗੁੱਠੇ ਲਾਕੇ, ਲੋਕਤੰਤਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਜਾਵੇ।


ਪਵਨੈ ਮਹਿ ਪਵਨੁ ਸਮਾਇਆ ਜੋਤੀ ਮਹਿ ਜੋਤਿ ਰਲਿ ਜਾਇਆ ਮਾਟੀ ਮਾਟੀ ਹੋਈ ਏਕ ॥



**In The Loving Memory Of**
**PROFESSOR SURJIT SINGH BADHESHA**
October 21st, 1941- 31st August 2023

**CREMATION SERVICE:**
**Saturday, September 9th, 2023**
**From: 3pm to 5pm**
at Riverside Funeral Home
7410 Hopcott Road, Delta V4G 1B6

**BHOG AND ANTIM ARDAAS :**
**SATURDAY, SEPTEMBER 9TH, 2023 - 6PM ONWARDS.**
Gurdwara Sahib Sher-E-Punjab Gurughar
8580, 132 Street Surrey, BC
(Old Bear Creek Gurdwara)

**Contact:**
Gagandeep Singh Badhesha (Son) Phone: 604-615-7006

**FRASERVIEW MEATS**
The Name of Guaranteed Quality Meats







Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

604-592-2900

#102-12047-80th Ave. Surrey (Besides Mega Fruticana)
www.fraserviewmeats.com

**Rai EXPRESS LINES LTD.**



**Hiring**
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

# ਕਾਵਿ ਕਿਆਰੀ

## ਪੰਜਾਬ

ਗੁਰਮੀਤ ਸਿੰਘ ਰਾਮਪੁਰੀ

ਪੱਤੀ ਪੱਤੀ ਹੋ ਕੇ ਬਿਖਰਿਆ
ਫੁੱਲ ਗੁਲਾਬ ਨੂੰ ਜੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ
ਟੁੱਟੇ ਪੰਜਾਬ ਨੂੰ ਜੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...
ਸੰਨ ਸੰਤਾਲੀ ਵੰਡ ਵੇਲੇ
ਕਿੰਨੇ ਸੰਤਾਪ ਹੰਢਾਏ ਨੇ
ਆਪਣਿਆਂ ਵੀ ਇਸ ਦੀ
ਪਿੱਠ 'ਤੇ ਛੁਰੇ ਚਲਾਏ ਨੇ
ਸਾਂਝਾਂ ਦਾ ਹੋਕਾ ਦਿੰਦੀ ਸੀ
ਓਸ ਰਬਾਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...
ਇੱਕੋ ਪੰਗਤ ਸਭ ਬੰਦੇ
ਛਕਦੇ ਤੇ ਛਕਾਉਂਦੇ ਸੀ
ਕੰਡਾ ਵੱਜਦਿਆਂ ਵੀ ਆ ਕੇ
ਦੁੱਖ ਦਰਦ ਵੰਡਾਉਂਦੇ ਸੀ
ਸ਼ਹੀਦਾਂ ਨੇ ਜੋ ਸਿਰਜੇ ਸੀ
ਹਰ ਖ਼ੁਆਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...
ਚਾਤਰ ਲੋਕ ਲੜਾ ਸਾਡੇ
ਵਿੱਚ ਫੁੱਟ ਪੁਆਉਂਦੇ ਨੇ
ਭੋਲੇ ਭਾਲੇ ਲੋਕਾਂ ਦੇ ਹੱਥ
ਹਥਿਆਰ ਫੜਾਉਂਦੇ ਨੇ
ਲੋਕਾਂ ਦਾ ਬਣ ਵਿਸਰੇ
ਓਸ ਨਵਾਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ...
ਬਚਪਨ ਦੀ ਮੁਹੱਬਤ
ਨਫ਼ਰਤ ਨੇ ਲਤਾੜੀ ਜੋ
ਇੱਕੋ ਥਾਲੀ ਰਲ ਖਾਂਦੇ ਸੀ
ਮੁੜ ਮਿਲ ਨਾ ਸਕੇ ਆੜੀ ਜੋ
'ਮੀਤ' ਜੰਗ ਦੀ ਭੇਟ ਚੜ੍ਹੇ
ਆਫ਼ਤਾਬ ਨੂੰ ਮੋੜ ਦਿਉ
ਹਾੜ੍ਹਾ ਓ ਰਹਿਬਰ ਬੰਦਿਉ
ਟੁੱਟੇ ਪੰਜਾਬ ਨੂੰ ਜੋੜ ਦਿਉ...।
ਸੰਪਰਕ: 98783-25301

## .ਗ਼ਜ਼ਲ

ਤ੍ਰੈਲੋਚਨ ਲੋਚੀ

ਮੰਨਿਆ ਏਥੇ ਨਾਗ ਤਾਂ ਹੈਗਾ!
ਫਿਰ ਵੀ ਹਰਿਆ ਬਾਗ਼ ਤਾਂ ਹੈਗਾ!
ਇਸ ਅੰਧਕਾਰ 'ਚ ਏਨਾ ਥੋੜ੍ਹੈ?
ਬਲਦਾ ਕੋਈ ਚਿਰਾਗ਼ ਤਾਂ ਹੈਗਾ!
ਸ਼ੁਕਰ ਕਰੋ ਕਿ ਕਲਯੁਗ ਵਿੱਚ ਵੀ,
ਵਜਦਾ ਕਿਧਰੇ ਰਾਗ ਤਾਂ ਹੈਗਾ!
ਚੌਧਰੀਆਂ ਨੂੰ ਸਜ਼ਾ ਨਈਂ ਹੋਣੀ,
ਮੁਨਸਿਫ਼ ਕੋਲ ਸੁਰਾਗ ਤਾਂ ਹੈਗਾ!
ਮੰਨਿਆ ਲੋਚੀ ਰੱਬ ਤੋਂ ਮੁਨਕਰ,
ਮਨ ਦੇ ਵਿੱਚ ਵੈਰਾਗ ਤਾਂ ਹੈਗਾ!
ਸੰਪਰਕ: 98142-53315

# ਨੈਣਾਂ ਵਿੱਚ ਸਮੁੰਦਰ

ਅਨੰਤ ਗਿੱਲ

ਤੈਨੂੰ ਈ ਲਗਦਾ, ਪੈਰਾਂ ਹੇਠਾਂ ਅੰਬਰ ਹੈ।
ਗੈਰਾਂ ਦੇ ਘਰ, ਦਿਸਦੀ ਅੱਗ ਬਸੰਤਰ ਹੈ।
ਹੋਰ ਭਲਾ ਕੀ ਮੰਗਣਾ, ਸੋਹਣੇ ਰੱਬ ਕੋਲੋਂ,
ਦੇ ਦਿੱਤਾ ਵਰਦਾਨ 'ਚ, ਅੱਖਰ ਅੱਖਰ ਹੈ।
ਬੇਕਦਰਾਂ ਸੰਗ ਨੇਹੁ, ਇਹੋ ਮਿਲਣਾ ਸੀ,
ਸੁਪਨਿਆਂ ਦੇ ਨੈਣੀਂ, ਖੁੱਭੀ ਛਿਲਤਰ ਹੈ।
ਭਲਾ ਸਰਬੱਤ ਦਾ ਮੰਗ ਕੇ, ਅੱਖਾਂ ਮੁੰਦ ਲਵਾਂ,
ਅੱਖ ਖੁੱਲ੍ਹੇ ਜਦ ਆਖਾਂ, ਵਾਹਿਗੁਰੂ ਸ਼ੁਕਰ ਹੈ।
ਦਿਲ ਦੀਆਂ ਸੱਭੇ ਦਿਲ 'ਚ ਲੈਕੇ ਤੁਰ ਜਾਣਾ,
ਕੀਹਨੂੰ ਦੱਸਾਂ ?? ਕੀ ਕੀ ਦਿਲ ਦੇ ਅੰਦਰ ਹੈ।
ਓਸੇ ਈ ਖਾਤਿਰ, ਰੋ-ਰੋ ਦੀਦੇ ਗਾਲ ਲਏ,
ਜੋ ਕਹਿੰਦਾ ਸੀ, ਨੈਣਾਂ ਵਿੱਚ ਸਮੁੰਦਰ ਹੈ।
ਲੱਖ ਚੰਗਾ ਹੈ ਦਰਦ, ਵਿਚਾਲੇ ਟੁੱਟੀਆਂ ਦਾ,
ਟੁੱਟਣ ਭਰਮ ਤਾਂ, ਬੜਾ ਡਰਾਉਂਦਾ ਮੰਜ਼ਰ ਹੈ।
ਜੋ ਹੱਥ ਉਠਦੇ ਵੇਖੇ, ਕਦੇ ਦੁਆਵਾਂ ਲਈ,
ਉਨ੍ਹਾਂ ਈ ਹੱਥਾਂ ਵਿੱਚ, ਅੱਜਕੱਲ੍ਹ ਖੰਜਰ ਹੈ।

## .ਗ਼ਜ਼ਲ


ਪ੍ਰਤਾਪ 'ਪਾਰਸ' ਗੁਰਦਾਸਪੁਰੀ

ਸਿਰ ਦੇ ਉੱਤੇ ਜਦ ਤੱਕ ਹੱਥ ਨੇ ਮਾਵਾਂ ਦੇ।
ਜ਼ੋਰ ਨਹੀਂ ਚੱਲਦੇ ਮਿੱਤਰੋ ਕਦੇ ਬਲਾਵਾਂ ਦੇ।
ਔਕੜ-ਮੁਸ਼ਕਿਲ ਪੁੱਤਾਂ ਨੂੰ ਕੋਈ ਆਵੇ ਨਾ,
ਖ਼ੈਰਾਂ ਮੰਗਣ ਮਾਵਾਂ ਵਿੱਚ ਦੁਆਵਾਂ ਦੇ।
ਧੁੱਪਾਂ-ਤਪਸ਼ਾਂ ਦੇ ਵਿੱਚ ਮਾਵਾਂ ਕੜਦੀਆਂ ਨੇ,
ਬੱਚਿਆਂ ਨੂੰ ਪਰ ਰੱਖਦੀਆਂ ਨੇ ਵਿੱਚ ਛਾਵਾਂ ਦੇ
ਹਰ ਆਫ਼ਤ ਵੀ ਡਰ ਕੇ ਪਾਸੇ ਹੋ ਜਾਂਦੀ,
ਮਾਵਾਂ ਖੜ੍ਹੀਆਂ ਹੋਵਣ ਜਦ ਵਿੱਚ ਰਾਹਵਾਂ ਦੇ।
ਮਾਂ ਦੀ ਹੱਲਾਸ਼ੇਰੀ ਪੁੱਤਰ ਪਰਬਤ 'ਤੇ,
ਥਾਪੀ ਸ਼ਕਤੀ ਭਰ ਦਿੰਦੀ ਵਿੱਚ ਬਾਹਵਾਂ ਦੇ।
ਪੁੱਤਰ ਜਾ ਕੇ ਪਰਦੇਸਾਂ ਵਿੱਚ ਵੱਸੇ ਨੇ,
ਮਾਵਾਂ ਪੁੱਤ ਵਸਾਏ ਨੇ ਵਿੱਚ ਸਾਹਵਾਂ ਦੇ।
ਪੁੱਤਰ ਖ਼ੁਸ਼ੀਆਂ ਲੱਭਦੇ ਫਿਰਦੇ ਦੁਨੀਆਂ 'ਚੋਂ,
ਮਾਵਾਂ ਖ਼ੁਸ਼ ਨੇ ਵਿੱਚ ਪੁੱਤਾਂ ਦਿਆਂ ਚਾਵਾਂ ਦੇ।
'ਪਾਰਸ' ਜਿਹੜੀ ਥਾਂ 'ਤੇ ਮਾਂ ਦੇ ਪੈਰ ਪਏ,
ਮੈਂ ਸਦਕੇ ਬਲਿਹਾਰੇ ਉਨ੍ਹਾਂ ਥਾਵਾਂ ਦੇ।
ਸੰਪਰਕ: 99888-11681

## .ਗ਼ਜ਼ਲ

ਜਸਵੰਤ ਧਾਪ

ਇਸ ਵੇਲੇ ਦੀ ਦਰਦ ਕਹਾਣੀ
ਚਾਰ ਚੁਫ਼ੇਰੇ ਪਾਣੀ ਪਾਣੀ
ਰੋਜ਼ ਦਿਹਾੜੀ ਬੱਦਲ ਗਰਜਣ
ਬਿਜਲੀ ਰੋਂਦੇ ਸਾਹਵਾਂ ਥਾਣੀ
ਅੰਬਰ ਵੱਲੋਂ ਝਾਕੀ ਜਾਵੇ
ਅੱਖਾਂ ਟੱਡੀ ਧਰਤ ਨਿਮਾਣੀ
ਲੁੱਟੀ ਪੁੱਟੀ ਗਈ ਲੋਕਾਈ
ਤਕਦੀਰਾਂ ਨੇ ਚੌਧਰ ਮਾਣੀ
ਇੱਕ ਦੂਜੇ ਨੂੰ ਪੁੱਛਣ ਖ਼ੈਰਾਂ
ਦੂਰ ਦੁਰਾਡੇ ਬੈਠੇ ਹਾਣੀ
ਹੱਠ ਪੁਗਾ ਕੇ ਕੁਦਰਤ ਖੋਰੇ
ਕੀ ਸਮਝਾਵੇ ਖ਼ਸਮਾਂ ਖਾਣੀ
ਚੋ ਚੋ ਹੋਈ ਕਮਲੀ ਯਾਰੋ
ਖ਼ਾਬਾਂ ਵਾਲੀ ਛੱਤ ਪੁਰਾਣੀ
ਕਿਉਂ ਨ ਰੱਬ ਨੇ ਹਾਲੇ ਤਾਈਂ
ਫ਼ਰਿਆਦਾਂ ਦੀ ਨਬਜ਼ ਪਛਾਣੀ
ਧਾਪ ਦੋਸਤਾ ਹਿੰਮਤ ਰੱਖੀਂ
ਹਰ ਆਫ਼ਤ ਆਉਣੀ ਤੇ ਜਾਣੀ ਸੰਪਰਕ: 98551-45330


ਸਾਰਾਗੜ੍ਹੀ ਜੰਗ ਦਾ ਹਾਲ

ਆ ਸਾਰਾਗੜ੍ਹੀ ਜੰਗ ਦਾ, ਤੈਨੂੰ ਹਾਲ ਸੁਣਾਵਾਂ ਕਥਾ।
ਖੋਲ੍ਹ ਕੇ ਪੰਨਾ ਇਤਿਹਾਸ ਦਾ, ਪੜ੍ਹ ਲਵੀਂ ਇਕ ਝਾਤਾ।
ਅਜੋਕੇ ਪਾਕਿਸਤਾਨ ਦਾ, ਓ ਪਿੰਡ ਸੀ ਵਜ਼ੀਰਿਸਤਾਨ।
ਪਿਸ਼ਾਵਰ ਤੋਂ ਪੰਜਾਹ ਮੀਲ ਦੂਰ, ਜੋ ਪੈਂਦਾ ਸੀ ਆਨ।
ਇੱਕੀ ਸਿੱਖਾਂ ਅਜਿਹੇ ਛੱਕੇ ਛੁਡਾਏ ਨੇ।
ਈਸ਼ਰ ਸਿੰਘ ਬੋਹੜਾਂ ਹਵਾਲਦਾਰ ਲਾਏ ਨੇ।
ਲਾਲ ਸਿੰਘ ਨੂੰ ਪਦ ਨਾਇਕੀ ਲਗਾਇਆ।
ਗੁਰਮੁਖ ਸਿੰਘ ਨੇ ਸਿਗਨਲਮੈਨੀ ਪਾਇਆ।
ਨੌਂ ਵਜੇ ਦੇ ਕਰੀਬ, ਸ਼ੁਰੂ ਹੁੰਦੀ ਜੰਗ ਐ।
ਜਾਨ ਚੌਕੀ ਲੇਖੇ ਲਾਈ, ਸਿੱਖਾਂ ਹੁੰਦੀ ਮੰਗ ਐ।
ਸਿੱਖ-ਸੈਨਿਕਾਂ ਦੇ ਹੌਸਲੇ, ਬੁਲੰਦ ਪੂਰੇ ਜਾਪਦੇ।
ਈਸ਼ਰ ਸਿੰਘ ਨੂੰ ਕਹੀ, ਓ ਲਾਲਚ ਆਸਪਦੇ।
ਦਾਈ ਵਜੇ ਤੀਕਰ ਜੋ ਅੱਖੜੇ ਆਉਂਦੇ ਨੇ।
ਛੇ ਸੌ ਕਬਾਇਲੀ ਤੇ, ਚਾਰ੍ਹਾਂ ਸਿੱਖ ਸ਼ਹੀਦੀ ਪਾਉਂਦੇ ਨੇ।
ਬਹਾਦਰ ਸਿੰਘ ਸਿਪਾਹੀ ਪਹਿਲੇ ਜ਼ਖ਼ਮੀ ਆਏ।
ਲਾਲ ਸਿੰਘ ਨੂੰ ਪਹਿਲੇ ਸ਼ਹਾਦਤ ਪਿਲਾਏ।
ਹਾਈਕਮਾਂਡ ਨੂੰ ਸਿਗਨਲਮੈਨ, ਹਾਲ ਭੇਜੀ ਜਾਂਵਦਾ।
ਦੁਸ਼ਮਣੀ ਘੇਰਾ ਪੈਰ-ਪੈਰ, ਤੰਗ ਹੋਇਆ ਆਂਵਦਾ।
ਚਾਰ-ਚੁਫੇਰੇ ਘਾਹ-ਫੂਸ ਨੂੰ, ਅੱਗ ਲਗਾ ਕੇ।
ਚੌਕੀ ਦੀ ਇਕ ਕੰਧ 'ਚ, ਪਾੜ ਉਨ੍ਹਾਂ ਪਾ ਕੇ।
ਕੈਰਵੋਂ ਬਾਹਰ ਵੈਰੀਆਂ ਟੋਲੀਆਂ, ਲਾਸ਼ਾਂ ਢੇਰ ਪਾਉਂਦੇ ਨੇ।
ਈਸ਼ਰ ਸਿੰਘ ਬੋਹੜਾਂ ਵੀ, ਸਖ਼ਤ ਜ਼ਖ਼ਮੀ ਆਉਂਦੇ ਨੇ।
ਆਖਰੀ ਸਾਹਾਂ ਤੇ ਵੀ, ਵੈਰਤਾਂ ਛੱਕੇ ਛੁਡਾ ਗਿਆ।
ਆਖਰ ਦਿਨ ਚੜ੍ਹਿਆ, ਸਿਗਨਲਮੈਨ ਆ ਗਿਆ।
ਸਿਗਨਲ ਬੰਦ ਕਰਨੇ ਦੀਆਂ, ਘੜੀਆਂ ਆਈਆਂ ਨੇ।
ਉਹ ਦੀ ਬੰਦੂਕ 'ਚ ਗੋਲੀਆਂ ਦੀ, ਸੀਂ-ਤ ਪਾਈਆਂ ਨੇ।
ਅੰਗਰੇਜ਼ਾਂ ਅਗਲੀ ਸਵੇਰ, ਕੁਮਕ ਰਵਾਨਾ ਕਰਵਾਈ ਐ।
ਤਦ ਤੱਕ ਸਿੱਖ-ਰੈਜੀਮੈਂਟ, ਸ਼ਹੀਦ ਸਾਰੀ ਪਾਈ ਐ।
ਸਿੱਖਾਂ ਇੰਡੀਅਨ ਆਡਰ ਮੈਰਿਟ ਨਾਲ, ਸਨਮਾਨ ਨੇ ਪਾਏ।
ਵਿਕਟੋਰੀਆ ਕਰਾਸ ਦੇ ਸੇ, ਕਹਿੰਦੇ ਬਰਾਬਰ ਆਏ।
ਦੋ ਮੁਰੱਬੇ ਤੇ ਪੰਜ ਸੌ ਦਾ, ਇੱਕੀ ਸਿੱਖਾਂ ਅਧਿਕਾਰ ਪਾਇਆ।
ਸਾਰਾਗੜ੍ਹੀ ਬਾਰੇ "ਹਰਜੀਤ ਬੋਹੜਾਂ", ਲਿਖਦਾ ਆਇਆ।
-ਹਰਜੀਤ ਸਿੰਘ ਬੋਹੜਾਂ, ਐਮਏ ਪੰਜਾਬੀ





ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE

40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ




Clearance Sale
*Limited Quantity

On All Seasons & Winter Tires
(Auplus & Comforser)



TARSHOTAM BIRAN

**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00




**215/70R15**
GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



TVTL
TAJVEER TRANSPORT LTD.

# TAJVEER

## TRANSPORT LTD.

ਸਾਨੂੰ ਕਨੇਡਾ/ਅਮਰੀਕਾ ਰੂਟਾਂ ਲਈ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ





**Ph:604-951-1515 Toll Free:1-855-882-1515**

19910-16th Ave, Langley BC V2Z 1K1

Email:info@tajveertransport.com sales@tajveertransport.com